ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 15/04 ਅਪ੍ਰੈਲ 2015 – ਨਾਨਕਸ਼ਾਹੀ ਚੇਤ-ਵੈਸਾਖ ੫੪੭

## ਇਤਿਹਾਸਿਕ ਦਿਹਾੜੇ

### ਅਪ੍ਰੈਲ ਅਤੇ ਮਈ 2015

| | |
|---|---|
| ਖਾਲਸਾ ਸਾਜਨਾ ਦਿਵਸ | 14 ਅਪ੍ਰੈਲ |
| ਗੁਰਗੱਦੀ ਦਿਵਸ ਸ੍ਰੀ ਗੁਰੂ ਅੰਗਦ ਦੇਵ ਜੀ | 16 ਅਪ੍ਰੈਲ |
| ਜੋਤੀ ਜੋਤਿ ਸ੍ਰੀ ਗੁਰੂ ਅੰਗਦ ਦੇਵ ਜੀ | 16 ਅਪ੍ਰੈਲ |
| ਗੁਰਗੱਦੀ ਦਿਵਸ ਸ੍ਰੀ ਗੁਰੂਤੇਗ ਬਹਾਦੁਰ ਜੀ | 16 ਅਪ੍ਰੈਲ |
| ਜੋਤੀ ਜੋਤਿ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ | 16 ਅਪ੍ਰੈਲ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਅੰਗਦ ਦੇਵ ਜੀ | 18 ਅਪ੍ਰੈਲ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਤੇਗ ਬਹਾਦੁਰ ਜੀ | 18 ਅਪ੍ਰੈਲ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਅਰਜਨ ਦੇਵ ਜੀ | 2 ਮਈ |
| ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ | 22 ਮਈ |


**ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)**

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com
www.gurmatparsar.com

# ਪੰਜ ਪਿਆਰੇ

30 ਮਾਰਚ, ਸੰਨ 1699 ਈ: ਦੀ ਵਿਸਾਖੀ ਵਾਲੇ ਦਿਨ ਤਖਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਾਲੇ ਸਥਾਨ ਤੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦੇ ਭਾਰੀ ਇਕੱਠ ਵਿਚੋਂ ਪੰਜ ਸਿੰਘਾਂ ਦੀ ਪਰਖ ਕਰਕੇ ਉਨ੍ਹਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ (ਪਾਹੁਲ) ਛਕਾਇਆ ਤੇ ਫਿਰ ਆਪ ਉਨ੍ਹਾਂ ਤੋਂ ਖੰਡੇ ਦੀ ਪਾਹੁਲ ਪ੍ਰਾਪਤ ਕਰਕੇ ਸਿੰਘ ਸਜੇ ਅਤੇ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਬਣੇ । ਪਹਿਲੇ ਨਿੱਤਰੇ ਪੰਜਾਂ ਸਿੰਘਾਂ ਨੂੰ ਗੁਰੂ ਸਾਹਿਬ ਜੀ ਨੇ ਪੰਜ ਪਿਆਰਿਆਂ ਦਾ ਖਿਤਾਬ ਦਿੱਤਾ । ਇਹ ਪਰਖ ਸਿੱਖ ਇਤਿਹਾਸ ਅਨੁਸਾਰ ਕੋਈ ਅੱਸੀ ਹਜ਼ਾਰ ਸਿੱਖਾਂ ਦੇ ਇਕੱਠ ਵਿਚੋਂ ਇੱਕ ਵਿਲੱਖਣ ਢੰਗ ਨਾਲ ਗੁਰੂ ਜੀ ਨੇ ਕੀਤੀ । ਅਚਾਨਕ ਗੁਰੂ ਜੀ ਨੇ ਨੇੜੇ ਹੀ ਲਗਾਏ ਗਏ ਇੱਕ ਤੰਬੂ ਵਿਚੋਂ ਨਿਕਲ ਕੇ ਉਚੀ ਆਵਾਜ ਵਿਚ ਇੱਕ ਸਿੱਖ ਦੇ ਸਿਰ ਦੀ ਮੰਗ ਕੀਤੀ । ਸਾਰੇ ਪਾਸੇ ਸੱਨਾਟਾ ਛਾ ਗਿਆ । ਕੁਝ ਪਲਾਂ ਬਾਅਦ ਭਾਈ ਦਯਾ ਸਿੰਘ ਜੀ, ਲਾਹੌਰ ਨਿਵਾਸੀ ਨੇ ਆਪਣਾ ਸਿਰ ਪੇਸ਼ ਕੀਤਾ । ਗੁਰੂ ਜੀ ਉਸ ਨੂੰ ਤੰਬੂ ਵਿਚ ਲੈ ਗਏ ਅਤੇ ਮੁੜ ਲਹੂ ਭਿੱਜੀ ਕਿਰਪਾਨ ਨਾਲ ਪੰਡਾਲ ਵਿਚ ਆਏ । ਗੁਰੂ ਜੀ ਨੇ ਇੱਕ ਹੋਰ ਸਿਰ ਦੀ ਮੰਗ ਕੀਤੀ । ਦੂਜੀ ਵਾਰ ਭਾਈ ਧਰਮ ਸਿੰਘ ਜੀ, ਦਿੱਲੀ ਨਿਵਾਸੀ ਉਠਿਆ ਅਤੇ ਗੁਰੂ ਸਾਹਿਬ ਜੀ ਪਾਸ ਜਾ ਕੇ ਆਪਣਾ ਸਿਰ ਪੇਸ਼ ਕਰ ਦਿੱਤਾ । ਗੁਰੂ ਜੀ ਫਿਰ ਉਸ ਨੂੰ ਵੀ ਤੰਬੂ ਵਿਚ ਲੈ ਗਏ । ਇਸ ਪ੍ਰਕਾਰ ਗੁਰੂ ਜੀ ਇਕੱਲੇ-ਇਕੱਲੇ ਸਿੱਖ ਨੂੰ ਅੰਦਰ ਲਿਜਾਂਦਿਆਂ ਤਿੰਨ ਹੋਰ ਸਿੱਖਾਂ ਦੇ ਸਿਰਾਂ ਦੀ ਮੰਗ ਕੀਤੀ । ਇਸ ਪ੍ਰਕਾਰ ਭਾਈ ਮੋਹਕਮ ਸਿੰਘ ਜੀ, ਦਵਾਰਕਾ ਨਿਵਾਸੀ, ਭਾਈ ਹਿੰਮਤ ਸਿੰਘ ਜੀ, ਜਗਨ ਨਾਥ ਪੁਰੀ ਨਿਵਾਸੀ ਅਤੇ ਪੰਜਵੀਂ ਵਾਰ ਭਾਈ ਸਾਹਿਬ ਸਿੰਘ ਜੀ, ਬਿਦਰ ਨਿਵਾਸੀ ਉਠੇ । ਇਨ੍ਹਾਂ ਪੰਜਾਂ ਪਿਆਰਿਆਂ ਨਾਲ ਸਬੰਧਤ ਥੋੜ੍ਹੀ-ਥੋੜ੍ਹੀ ਜਾਣਕਾਰੀ ਹੇਠਾਂ ਦਰਜ਼ ਕੀਤੀ ਜਾਂਦੀ ਹੈ:

ਭਾਈ ਦਇਆ ਸਿੰਘ ਜੀ: ਆਪ ਜੀ ਦਾ ਜਨਮ ਲਾਹੌਰ (ਪੰਜਾਬ ਨਿਵਾਸੀ, ਹੁਣ ਪਾਕਿਸਤਾਨ ਵਿਚ), ਭਾਈ ਸੁਧੇ ਜੀ ਦੇ ਘਰ, ਮਾਤਾ ਦਿਆਲੀ ਜੀ ਦੀ ਕੁੱਖੋਂ ਸੰਨ 1669 ਈਸਵੀ ਨੂੰ ਹੋਇਆ । ਸੀਸ ਭੇਟ ਵੇਲੇ ਉਨ੍ਹਾਂ ਦੀ ਉਮਰ 30 ਸਾਲ ਦੀ ਸੀ । ਆਪ ਜੀ ਦਾ ਅਕਾਲ ਚਲਾਣਾ ਗੋਦਾਵਰੀ ਦੇ ਕਿਨਾਰੇ ਅਬਚਲ ਨਗਰ ਵਿਖੇ ਹੋਇਆ । ਆਪ ਪੰਜਾਂ ਪਿਆਰਿਆਂ ਦੇ ਜਥੇ ਦਾਰ ਸਨ ।

ਭਾਈ ਧਰਮ ਸਿੰਘ ਜੀ : ਆਪ ਜੀ ਦਾ ਜਨਮ ਦਿੱਲੀ (ਹਸਤਨਾਪੁਰ) ਨਿਵਾਸੀ ਭਾਈ ਸੰਤ ਰਾਮ ਜੀ ਦੇ ਘਰ ਮਾਤਾ ਸਾਭੋ ਜੀ ਦੀ ਕੁੱਖੋਂ ਸੰਨ 1666 ਈਸਵੀ ਨੂੰ ਹੋਇਆ । ਭਾਈ ਸਾਹਿਬ ਹਸਤਨਾਪੁਰ ਤੋਂ ਨਾਨਕ ਪਿਆਓ (ਦਿੱਲੀ) ਭਾਈ ਵਿਸ਼ਨੂੰ ਜੀ ਦੇ ਕੋਲ ਆ ਗਏ ਸਨ । ਆਪ ਜੀ ਸੀਸ ਭੇਟ ਸਮੇਂ 33 ਸਾਲਾਂ ਦੇ ਸਨ । ਆਪ ਜੀ ਦਾ ਅਕਾਲ ਚਲਾਣਾ ਵੀ ਹਜ਼ੂਰ ਸਾਹਿਬ ਵਿਖੇ ਹੋਇਆ ।

ਭਾਈ ਹਿੰਮਤ ਸਿੰਘ ਜੀ :- ਆਪ ਜੀ ਦਾ ਜਨਮ ਜਗਨ ਨਾਥ ਪੁਰੀ (ਉੜੀਸਾ) ਵਿਖੇ ਭਾਈ ਗੁਲਜ਼ਾਰੀ ਜੀ ਦੇ ਘਰ ਮਾਤਾ ਧੰਨੋ ਜੀ ਦੀ ਕੁੱਖੋਂ ਸੰਨ 1661 ਈਸਵੀ ਨੂੰ ਹੋਇਆ। ਸੀਸ ਭੇਟ ਵੇਲੇ ਉਨ੍ਹਾਂ ਦੀ ਉਮਰ 32 ਸਾਲ ਦੀ ਸੀ । ਆਪ ਜੀ ਦੀ ਸ਼ਹੀਦੀ ਚਮਕੌਰ ਸਾਹਿਬ ਵਿਖੇ ਸੰਨ 1704 ਈਸਵੀ ਨੂੰ ਹੋਈ । ਭਾਈ ਮੋਹਕਮ ਸਿੰਘ ਜੀ :- ਆਪ

ਜੀ ਦਾ ਜਨਮ ਦੁਆਰਕਾ, ਸੌਰਾਸ਼ਟਰ (ਗੁਜਰਾਤ) ਨਿਵਾਸੀ ਭਾਈ ਤੀਰਥ ਚੰਦ ਜੀ ਦੇ ਘਰ, ਮਾਤਾ ਦੇਵਾਂ ਬਾਈ ਜੀ ਦੀ ਕੁੱਖੋਂ ਸੰਨ 1663 ਈਸਵੀ ਨੂੰ ਹੋਇਆ । ਸੀਸ ਭੇਟ ਵੇਲੇ ਉਨ੍ਹਾਂ ਦੀ ਉਮਰ 36 ਸਾਲ ਦੀ ਸੀ । ਸ਼ਹੀਦੀ ਚਮਕੌਰ ਸਾਹਿਬ ਵਿਖੇ ਸੰਨ 1704 ਈਸਵੀ ਨੂੰ ਹੋਈ ।

ਭਾਈ ਸਾਹਿਬ ਸਿੰਘ ਜੀ :- ਆਪ ਜੀ ਦਾ ਜਨਮ ਬਿਦਰ (ਆਂਧਰਾ) ਨਿਵਾਸੀ ਭਾਈ ਚਮਨੇ ਜੀ ਦੇ ਘਰ, ਮਾਤਾ ਸੋਨਾ ਬਾਈ ਜੀ ਦੀ ਕੁੱਖੋਂ ਸੰਨ 1662 ਈਸਵੀ ਨੂੰ ਹੋਇਆ। ਸੀਸ ਭੇਟ ਵੇਲੇ ਉਨ੍ਹਾਂ ਦੀ ਉਮਰ 37 ਸਾਲ ਦੀ ਸੀ । ਆਪ ਜੀ ਦੀ ਸ਼ਹੀਦੀ ਚਮਕੌਰ ਸਾਹਿਬ ਵਿਖੇ ਸੰਨ 1704 ਈਸਵੀ ਨੂੰ ਹੋਈ ।

## ਚਉਕੀਆਂ

ਜਸਵੰਤ ਸਿੰਘ ਨੇਕੀ

ਚਉਕੀ ਦਾ ਅਰਥ ਹੈ 'ਸਾਵਧਾਨ ਪਹਿਰਾ' । ਸਿੱਖ ਵਿਚਾਰਧਾਰਾ ਅਨੁਸਾਰ, ਆਕ੍ਰਮਣ ਭਾਵੇਂ ਬਾਹਰੋਂ ਹੋਵੇ ਭਾਵੇਂ ਅੰਦਰੋਂ, ਪਹਿਰਾ ਸ਼ਬਦ ਦਾ ਹੁੰਦਾ ਹੈ । ਇਸੇ ਲਈ ਸਾਡੀਆਂ ਚਉਕੀਆਂ ਸ਼ਬਦ- ਚਉਕੀਆਂ ਹਨ । ਇਹ ਚਉਕੀਆਂ ਕੀਰਤਨੀ ਟੋਲੀਆਂ ਦੇ ਰੂਪ ਵਿਚ ਫਿਰਦੇ ਫਿਰਦੇ ਕੀਰਤਨ ਕਰਦੀਆਂ ਤੇ ਸਾਨੂੰ ਸਾਵਧਾਨ ਕਰ, ਅੰਦਰਲੇ ਤੇ ਬਾਹਰਲੇ ਖ਼ਤਰਿਆਂ ਤੋਂ ਸੁਚੇਤ ਕਰਦੀਆਂ ਹਨ ।

ਚਉਕੀਆਂ ਤਿੰਨ ਪ੍ਰਕਾਰ ਦੀਆਂ ਹਨ : (1) ਨਿਤ ਨੇਮ ਦੀਆਂ, (2) ਇਤਿਹਾਸਕ, ਤੇ (3) ਯਾਤਰੂ ।

(1) ਨਿਤ ਨੇਮ ਦੀਆਂ ਚਉਕੀਆਂ :

ਨਿਤ ਨੇਮ ਦੀਆਂ ਪੰਜ ਚਉਕੀਆਂ ਹਨ, ਜੋ ਗੁਰੂ ਅਰਜਨ ਦੇਵ ਜੀ ਵੇਲੇ ਹੀ ਸਥਾਪਿਤ ਹੋ ਗਈਆਂ ਸਨ । ਕਾਮ ਕ੍ਰੋਧ ਆਦਿ ਪੰਜਾਂ ਬਿਖਾਦੀਆਂ ਤੋਂ ਸੁਰੱਖਿਆ ਲਈ ਇਹ ਪੰਜ ਚਉਕੀਆਂ, ਜਿਵੇਂ, ਰਾਮ ਕਾਰ ਕਢਦੀਆਂ ਹਨ । ਇਹ ਪੰਜ ਚਉਕੀਆਂ ਹਨ:

(i) ਆਸਾ ਦੀ ਵਾਰ ਦੀ ਚਉਕੀ – ਜੋ ਅੰਮ੍ਰਿਤ ਵੇਲੇ ਲਗਦੀ ਹੈ ਤੇ ਜਿਸ ਵਿਚ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ ।

(ii) ਬਿਲਾਵਲ ਦੀ ਚਉਕੀ – ਜੋ ਸੂਰਜ ਚੜ੍ਹਦੇ ਸਾਰ ਗਾਇਨ ਕੀਤੀ ਜਾਂਦੀ ਹੈ ।

(iii) ਚਰਨ ਕੰਵਲ ਦੀ ਚਉਕੀ – ਜੋ ਸਵਾ ਪਹਿਰ ਦਿਨ ਚੜ੍ਹੇ ਲਗਦੀ ਹੈ ਤੇ ਜਿਸ ਵਿਚ 'ਚਰਨ ਕਮਲ ਪ੍ਰਭ ਕੇ ਨਿਤ ਧਿਆਵਉ' ਵਾਲਾ ਸ਼ਬਦ ਪੜ੍ਹਿਆ ਜਾਂਦਾ ਹੈ ।

(iv) ਸੋਦਰ ਦੀ ਚਉਕੀ – ਜੋ ਤ੍ਰੈਕਾਲਾਂ ਪੈਣ ਤੇ ਰਹਿਰਾਸ ਦੇ ਪਾਠ ਤੋਂ ਪਹਿਲਾਂ ਲਗਦੀ ਹੈ, ਜਿਸ ਵਿਚ 'ਸੋਦਰੁ' ਦਾ ਸ਼ਬਦ ਗਾਇਨ ਕੀਤਾ ਜਾਂਦਾ ਹੈ ।

(v) ਕਲਯਾਣ ਦੀ ਚਉਕੀ – ਚਾਰ ਘੜੀ ਰਾਤ ਬੀਤੇ, ਜਿਸ ਵਿਚ ਕਲਯਾਣ ਦੇ ਸ਼ਬਦ ਗਾਏ ਜਾਂਦੇ ਹਨ ।

(2) ਇਤਿਹਾਸਕ ਚਉਕੀਆਂ :

ਇਹਨਾਂ ਦਾ ਸੰਬੰਧ ਇਤਿਹਾਸਕ ਸਾਕਿਆਂ ਨਾਲ ਹੈ । ਇਹ ਚਉਕੀਆਂ ਗੁਰੂ ਹਰਿ ਗੋਬਿੰਦ ਸਾਹਿਬ ਦੇ ਵੇਲੇ ਤੋਂ ਸ਼ੁਰੂ ਹੋਈਆਂ ।

ਇਕ ਵਾਰ ਭਾਈ ਸਾਈਂ ਦਾਸ ਜੀ ਤੇ ਉਹਨਾਂ ਦੀ ਸੁਪਤਨੀ ਬੀਬੀ ਰਾਮੋ ਬਾਈ ਜੀ ਨੇ ਛੇਵੇਂ ਪਾਤਸ਼ਾਹ ਨੂੰ ਬਹੁਤ ਯਾਦ ਕੀਤਾ । ਗੁਰੂ ਸਾਹਿਬ ਡਰੌਲੀ ਪਿੰਡ ਉਹਨਾਂ ਨੂੰ ਦਰਸ਼ਨ ਦੇਣ ਗਏ। ਪ੍ਰੇਮ-ਵੱਸ ਹੋ ਕੇ ਆਪ ਬਹੁਤ ਸਮਾਂ ਓਥੇ ਹੀ ਟਿਕ ਗਏ, ਪਰ, ਪਿਛੇ, ਸ੍ਰੀ

ਅੰਮ੍ਰਿਤਸਰ ਦੀਆਂ ਸੰਗਤਾਂ ਗੁਰ-ਦਰਸ਼ਨ ਤੋਂ ਬਾਝ ਬਹੁਤ ਵਿਆਕੁਲ ਹੋਈਆਂ । ਆਖ਼ਰ ਉਹਨਾਂ ਰਲ ਕੇ ਬਾਬਾ ਬੁੱਢਾ ਜੀ ਪਾਸ ਬੇਨਤੀ ਕੀਤੀ ਕਿ ਉਹ ਮਹਾਰਾਜ ਨੂੰ ਪ੍ਰਾਰਥਨਾ-ਪੱਤਰ ਲਿਖ ਕੇ ਸੰਗਤਾਂ ਤੇ ਉਪਕਾਰ ਕਰਨ । ਸੰਗਤ ਦੀ ਬੇਨਤੀ ਪਰ ਬਾਬਾ ਜੀ ਨੇ ਗੁਰੂ ਸਾਹਿਬ ਨੂੰ ਪੱਤਰ ਲਿਖਿਆ । ਗੁਰੂ ਜੀ ਨੇ ਉੱਤਰ ਵਿਚ ਲਿਖਿਆ, "ਜਿਉਂ ਹੀ ਇਥੋਂ ਦੇ ਕੰਮ ਮੁਕਦੇ ਹਨ, ਅਸੀਂ ਤੁਰਤ ਪਰਤ ਆਵਾਂਗੇ । ਤੁਸੀਂ ਉਥੇ ਪ੍ਰੇਮ ਨਾਲ, ਸਾਰੀ ਸੰਗਤ ਸਣੇ ਪਿਆਰ ਨਾਲ ਗੁਰੂ-ਸ਼ਬਦ ਦਾ ਕੀਰਤਨ ਕਰੋ । ਇਹੋ ਤੁਹਾਡਾ ਲੋਕ ਪਰਲੋਕ ਵਿਚ ਸਹਾਈ ਹੋਵੇਗਾ।" ਇਹ ਉੱਤਰ ਪੜ੍ਹ ਕੇ ਬਾਬਾ ਜੀ ਨੇ ਸਰਬੱਤ ਸੰਗਤ ਨੂੰ ਹੁਕਮ ਸੁਣਾਇਆ । ਹੁਕਮ ਸੁਣ ਸਾਰੀ ਸੰਗਤ ਸੰਧਿਆ ਵੇਲੇ ਜੁੜੀ ਤੇ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਕੀਰਤਨ ਕੀਤਾ । ਬਾਬਾ ਜੀ ਨੇ ਇਕ ਸੇਵਕ ਦੇ ਹੱਥ ਚਾਂਦੀ ਦਾ ਅਸਾ ਤੇ ਦੋ ਮਸਾਲਚੀਆਂ ਹੱਥ ਮਸਾਲਾਂ ਦਿੱਤੀਆਂ । ਅੱਗੇ ਅੱਗੇ ਨਿਸ਼ਾਨ ਸਾਹਿਬ ਤੇ ਮਗਰੇ ਮਗਰ ਹੋਰ ਸੰਗਤਾਂ ਸਣੇ ਬਾਬਾ ਬੁੱਢਾ ਜੀ ਦੇ, ਚਾਰ ਘੜੀ ਰਾਤ ਬੀਤਣ ਤਕ ਸ਼ਬਦ ਕੀਰਤਨ ਕਰਦਿਆਂ ਬੁੰਗਿਆਂ ਤੇ ਪਰਕਰਮਾ ਵਿਚ ਬੈਠੀ ਸੰਗਤ ਨੂੰ ਨਿਹਾਲ ਕਰਦੀਆਂ ਰਹੀਆਂ । ਫਿਰ ਇਹ ਚਉਕੀ ਹਰ ਰੋਜ਼ ਨੇਮ ਨਾਲ ਨਿਕਲਣ ਲਗ ਪਈ ।

ਇਸੇ ਤਰ੍ਹਾਂ ਜਦੋਂ ਜਹਾਂਗੀਰ ਬਾਦਸ਼ਾਹ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੀਤਾ ਹੋਇਆ ਸੀ ਤਾਂ ਬਾਬਾ ਬੁੱਢਾ ਜੀ ਤੇ ਹੋਰ ਮੁਖੀ ਸਿੱਖਾਂ ਦੀ ਅਗਵਾਈ ਵਿਚ ਸਿੱਖ ਸੰਗਤਾਂ ਸ਼ਬਦ-ਚਉਕੀਆਂ ਦੇ ਰੂਪ ਵਿਚ ਗਵਾਲੀਅਰ ਵਲ ਤੁਰ ਪਈਆਂ । ਅੱਗੇ ਅੱਗੇ ਨਿਸ਼ਾਨ ਸਾਹਿਬ ਸੀ, ਜੋ ਆਜ਼ਾਦੀ ਦਾ ਪ੍ਰਤੀਕ ਸੀ । ਨਾਲ ਮਸਾਲਾਂ ਸਨ, ਜੋ ਹਕੂਮਤ ਨੂੰ ਰਾਹ ਦਿਖਾਲਣ ਦੀਆਂ ਪ੍ਰਤੀਕ ਸਨ । ਇਹ ਚਉਕੀਆਂ ਪਿੰਡ ਪਿੰਡ ਕੀਰਤਨ ਕਰਦੀਆਂ ਥਾਂ ਥਾਂ ਰੋਸ ਜਗਾਉਂਦੀਆਂ । ਗਵਾਲੀਅਰ ਪਹੁੰਚ ਕੇ ਚਉਕੀਆਂ ਦੀ ਸੰਗਤ ਕਿਲ੍ਹੇ ਦੀ ਪਰਿਕਰਮਾ ਕਰਦੀ; ਜਿਥੇ ਸਤਿਗੁਰੂ ਜੀ ਕੈਦ ਦੱਸੀਦੇ ਸਨ, ਉਥੇ ਬਾਹਰੋਂ ਹੀ ਨਮਸਕਾਰਾਂ ਕਰ ਕੇ ਰੁਦਨ ਕਰਦੇ । ਰੋਸ ਦੀ ਭਾਵਨਾ ਦਿਨੋ ਦਿਨ ਵਧਦੀ ਗਈ । ਫਲ-ਸਰੂਪ, ਜਹਾਂਗੀਰ ਨੂੰ ਫ਼ੈਸਲਾ ਕਰਨਾ ਪਿਆ ਕਿ ਗੁਰੂ ਜੀ ਨੂੰ ਰਿਹਾ ਕਰ ਦਿੱਤਾ ਜਾਵੇ । ਗੁਰੂ ਜੀ 52 ਰਾਜਿਆਂ ਦੇ ਬੰਦੀ-ਛੋੜ ਬਣ ਬਾਹਰ ਆਏ । ਅਕਾਲ ਤਖ਼ਤ ਸਾਹਿਬ ਪਹੁੰਚ ਕੇ ਉਹਨਾਂ ਸੰਗਤਾਂ ਦੇ ਪ੍ਰੇਮ ਉਪਰ ਅਨੰਤ ਪ੍ਰਸੰਨਤਾ ਪ੍ਰਗਟ ਕੀਤੀ ਤੇ ਚਉਕੀ ਸਾਹਿਬ ਦੀ ਮਰਯਾਦਾ ਨੂੰ ਵਰ ਦਿੱਤਾ : "ਜਦੋਂ ਜਦੋਂ ਵੀ ਮੇਰੇ ਸਿਖ ਜਬਰ ਤੇ ਅਨਿਆਂ ਵਿਰੁੱਧ ਚਉਕੀ ਸਾਹਿਬ ਦੀ ਮਰਯਾਦਾ ਵਰਤਣਗੇ, ਮੈਂ ਚਉਕੀ ਸਾਹਿਬ ਵਿਚ ਹਾਜ਼ਰ ਹੋਵਾਂਗਾ ।"

ਇਹ ਪਹਿਲੀ ਰਾਜਸੀ ਚਉਕੀ ਸੀ, ਜੋ ਅਕਾਲ ਤਖ਼ਤ ਤੋਂ ਚਲੀ ਸੀ ਤੇ ਬਾਹਰਲੇ ਜਬਰ ਵਿਰੁੱਧ ਰੋਸ ਕਰਨ ਹਿੱਤ ਨਿਕਲੀ ਸੀ ।

ਅੱਜ ਕਲ੍ਹ ਅਕਾਲ ਤਖ਼ਤ ਸਾਹਿਬ ਤੋਂ ਗਿਆਰਾਂ ਵੱਖ ਵੱਖ ਚਉਕੀਆਂ ਨਿਕਲਦੀਆਂ ਹਨ ।

(3) ਯਾਤਰੂ ਚਉਕੀਆਂ : ਇਹ ਚਉਕੀਆਂ ਨਿਸਚਿਤ ਦਿਨਾਂ ਉਪਰ ਨਿਸਚਿਤ ਗੁਰ-ਅਸਥਾਨਾਂ ਦੀ ਯਾਤ੍ਰਾ ਲਈ ਨਿਕਲਦੀਆਂ ਹਨ । ਮਿਸਾਲ ਦੇ ਤੌਰ ਤੇ ਹਰ ਅਮਾਵਸ ਦੇ ਦਿਨ ਸ੍ਰੀ ਅੰਮ੍ਰਿਤਸਰ ਤੋਂ ਤਰਨ ਤਾਰਨ ਨੂੰ ; ਪੰਚਮੀ ਸਾਹਿਬ ਦੇ ਮੇਲੇ ਤੇ ਤਰਨ ਤਾਰਨ ਤੋਂ ਗੋਇੰਦਵਾਲ ਨੂੰ । ਦੇਸ਼ ਦੀ ਵੰਡ ਤੋਂ ਪਹਿਲਾਂ ਗੁਜਰਾਂਵਾਲੇ ਤੋਂ ਰੋੜੀ ਸਾਹਿਬ ਨੂੰ ਵੀ ਚਉਕੀਆਂ ਜਾਂਦੀਆਂ ਸਨ । ਤਰਨ ਤਾਰਨ ਦੀ ਚਉਕੀ ਗੁਰੂ ਅਰਜਨ ਦੇਵ ਜੀ ਦੇ ਵੇਲੇ ਲਗਣੀ ਆਰੰਭ ਹੋਈ ।

ਅਰਦਾਸ ਵਿਚ ਚਉਕੀਆਂ ਦੀ ਜੁਗੋ ਜੁਗ ਅਟੱਲਤਾ ਮੰਗਣ ਦਾ ਭਾਵ ਸਪੱਸ਼ਟ ਤੌਰ ਤੇ ਅੰਦਰਲੇ ਤੇ ਬਾਹਰਲੇ ਖ਼ਤਰਿਆਂ ਤੋਂ ਸ਼ਬਦ ਰਾਹੀਂ ਰਾਖੀ ਯਾਚਣੀ ਹੈ । ਨਾਲ ਹੀ ਕੀਰਤਨ ਤੇ ਬਾਣੀ ਦੇ ਪ੍ਰਵਾਹ ਦੀ ਅਟੱਲਤਾ ਯਾਚਣੀ ਹੈ । ਗੁਰੂ ਹਰਿਗੋਬਿੰਦ ਸਾਹਿਬ ਦਾ ਸੰਗਤਾਂ ਨੂੰ ਆਦੇਸ਼ ਸੀ ਕਿ "ਕੀਰਤਨ ਵਿਚ ਮੇਰੇ ਦਰਸ਼ਨ ਹੋਣਗੇ ।" ਸੋ ਚਉਕੀਆਂ ਦੀ ਸਦੀਵਤਾ ਮੰਗ ਕੇ, ਕੀਰਤਨ ਵਿਚ ਗੁਰੂ ਦੇ ਦੀਦਾਰ ਦੇ ਵਰਦਾਨ ਦੀ ਅਟੱਲਤਾ ਦਾ ਦਾਨ ਮੰਗਿਆ ਜਾਂਦਾ ਹੈ

## ਸਿੱਖ ਵੀਰਾਂ ਭੈਣਾਂ ਦੇ ਨਾਮ ਸੁਨੇਹਾ

**ਪ੍ਰੋ. ਪੂਰਨ ਸਿੰਘ**

ਓ ਸਿੱਖ ਰੂਪ ਵਾਲੇ ਵੀਰਾ ! ਓ ਸਿੱਖ ਅਖਵਾਣ ਵਾਲੇ ਵੀਰਾ ! ਦਰਬਾਰ ਸਾਹਿਬ ਦੀ ਪੂਜਾ ਛੱਡ ਕੇ ਦੇਖ ; ਤੇਰਾ ਆਤਮ ਰਸ ਦਾ ਸਿਰ ਜੁਦਾ ਹੋ ਜਾਸੀ । ਸਮੇਂ ਦਾ ਪਰਿਵਰਤਨ, ਤੇਰੀਆਂ ਦਲੀਲਾਂ, ਅਪੀਲਾਂ, ਤਜਵੀਜ਼ਾਂ, ਬਨਾਵਟਾਂ, ਸਲਾਹਾਂ, ਮਸ਼ਵਰਿਆਂ, ਤਰਕੀਬਾਂ, ਅਕਲਾਂ, ਅਸੂਲਾਂ ਨੂੰ ਖਾ ਜਾਸੀ । ਤੇਰੀਆਂ ਬਣਾਈਆਂ ਸੁਸਾਇਟੀਆਂ ਸਭਾਵਾਂ ਵਿਚ ਕੀ ਰੱਖਿਆ ਹੈ ? ਕਾਲ ਦੇ ਚੱਕਰਾਂ ਨੇ ਬੁੱਧ ਜਿਹਿਆਂ ਦੀਆਂ ਜਥੇਬੰਦੀਆਂ, ਈਸਾ ਜਿਹਿਆਂ ਦੀਆਂ ਉਪਦੇਸ਼ਕ ਟੋਲੀਆਂ ਦਾ ਅੰਗ ਅੰਗ ਕਰ ਸੁੱਟਿਆ । ਆ ! ਸਮਝ ਜਾ ! ਕੌਮਾਂ ਕੀ ਤੇ ਆਦਮੀ ਕੀ, ਟੱਬਰ ਕੀ ਤੇ ਮੁਲਕ ਕੀ, ਆਤਮਾ ਦਾ ਬਚਾਉ ਤਾਂ ਕੇਵਲ ਧਿਆਨ ਵਿਚ ਹੈ ; ਮੰਨਣ ਵਿਚ ਹੈ, ਵਿਸ਼ਵਾਸ ਵਿਚ ਹੈ ; ਇਕਾਗਰਤਾ ਵਿਚ ਹੈ; ਪਿਆਰ ਵਿਚ ਹੈ; ਦਰਸ਼ਨ ਵਿਚ ਹੈ । ਜੀਵਨ ਖੁੱਲ੍ਹਦਾ ਮਰਕਜ਼ ਵੱਲ ਨਿਗਾਹ ਕਰਨ ਨਾਲ ਹੈ । ਜੀਵਨ ਦੇ ਆਦਰਸ਼ਾਂ, ਭੇਤਾਂ ਦਾ ਪਤਾ ਤੇ ਜੀਵਨ ਦਾ ਅਨੰਤ ਵਿਸਤਾਰ ਮਰਕਜ਼ ਦੇ ਪ੍ਰਕਾਸ਼ ਨਾਲ ਹੁੰਦਾ ਹੈ । ਸਾਡੀਆਂ ਚਲਾਕੀਆਂ ਮੌਤ ਹਨ । ਸਾਡੀ ਅਕਲ ਕੰਧ ਥੀਂ ਬਾਹਰ ਨਹੀਂ ਦੇਖ ਸਕਦੀ । ਅਸੀਂ ਬਿਨਾਂ ਕਲ਼ਗੀਆਂ ਵਾਲੇ ਦੇ ਧਿਆਨ ਦੇ ਕੀ ਕਰ ਲੈਣਾ ਹੈ ? ਤੂੰ, ਤੂੰ, ਤੂੰ, ਤੂੰ ! ਦਰਬਾਰ ਸਾਹਿਬ ਥੀਂ ਵਿੱਛੜ, ਤੇ ਦੇਖ; ਔਹ ਤੂੰ ਸਤਿਗੁਰਾਂ ਦੀ ਝੋਲ ਵਿੱਚੋਂ ਟੁੱਟਾ, ਢੱਠਾ ਤੇ ਔਹ ਹੇਠ ਰਸਾਤਲ । ਕੌਮ ! ਕੌਮ !ਇਹ ਕੇਹੀ ਬੇਮਾਅਨੇ ਕੂਕ ਹੈ ? ਸਤਿਗੁਰਾਂ ਦਾ ਧਿਆਨ ਦਿਲ ਥੀਂ ਬਾਹਰ ਤੇ ਕੌਮ ਦਾ ਖ਼ਿਆਲ ? ਹਾਂ ਜੀ, ਖ਼ਿਆਲ ਮਾਤਰ ਦਾ ਸ਼ੂਨਯ ਧਿਆਨ ਹਰ ਇਕ ਦੇ ਦਿਲ ਵਿਚ ? ਯਾਦ ਰੱਖ ! ਸਿੱਖੀ ਤੇਰੇ ਦਿਲ ਵਿੱਚੋਂ ਉਠੀ ਜਾਣ । ਜਦ 'ਕੌਮ' ਤਰਫ਼ ਵੜਿਆ, 'ਵਾਹਿਗੁਰੂ' ਦੇ ਸਿੰਘਾਸਨ ਨੂੰ ਚੁੱਕਿਆ ਜਾਣ । ਹਰਿਮੰਦਰ ਦਾ ਪਿਆਰ ਉੱਠਣ ਦੀ ਦੇਰ ਹੈ ਤੇ ਬਸ; ਜਾਹ ! ਗੱਠੇ ਬੰਨ੍ਹ ਕੌਮਾਂ ਦੇ । ਪਰ ਅੱਖ ਖੋਹਲਸੈਂ ਤਾਂ ਦੇਖਸੈਂ ਕਿ ਪੱਥਰਾਂ ਦੀ ਮੁੱਠ ਨੂੰ ਰੇਤ ਦੀ ਰੱਸੀ ਨਾਲ ਬੰਨ੍ਹ ਰਿਹਾ ਏਂ, ਹੋਰ ਕੁਝ ਨਹੀਂ । ਧਿਆਨ ਬਿਨਾਂ ਮਨੁੱਖ ਬਾਵਲਾ ਹੈ । ਇਹ ਬਾਵਲਾ ਕਦੀ ਕੁੱਤਿਆਂ ਨਾਲ, ਕਦੀ ਕੰਡਿਆਂ ਨਾਲ ਆਪਣੇ ਆਪ ਨੂੰ ਲੜਾ ਲੜਾ ਆਪਣੇ ਰੂਹ ਨੂੰ ਫਾੜਦਾ ਹੈ । ਕਲ਼ਗੀਆਂ ਵਾਲੇ ਨੇ ਸਿੱਖਾਂ ਨੂੰ ਹਰਿਮੰਦਰ ਦੇ ਧਿਆਨ ਅਰ ਪਿਆਰ ਵਿਚ ਬੱਧਾ ਹੈ । ਛੋਛੀ ਦਲੀਲਬਾਜ਼ੀ ਆਈ ਤੇ ਹਰਿਮੰਦਰ ਇਕ ਸੰਗਮਰਮਰ ਦੀ ਇਮਾਰਤ ਰੂਪ ਦਿਸੀ । ਪੁਰਾਤਨ ਇਤਿਹਾਸ ਵਿਚ ਸਾਡੇ ਵੱਡਿਆਂ ਨੇ ਇਸ ਦੇ ਪਿਆਰ ਵਿਚ ਕੀ ਕੀ ਨਹੀਂ ਵਾਰਿਆ ? ਉਹ ਵਾਰਤਾ ਚੇਤੇ ਕਰ, ਇਕ ਸਿੰਘਣੀ ਭੁਝੰਗੀ ਨੂੰ ਨਾਲ ਲਿਆ ਰਹੀ ਹੈ, ਦੀਵਾਨ ਕੌੜਾ ਮੱਲ ਜੀ ਵਰਜਦੇ ਹਨ :

" ਮਾਈ ! ਨਾ ਜਾ, ਮਾਰੀ ਜਾਸੇਂ ; ਤੁਰਕਾਂ ਨੇ ਅੱਜ ਸਭ ਸਿੰਘ, ਜੋ ਇਥੇ ਇਕੱਠੇ ਹੋਣਗੇ, ਮਾਰ ਦੇਣੇ ਹਨ ।"

"ਵੀਰਾ ! ਵਰਜ ਨਾ, ਰਸਤਾ ਛੱਡ ; ਮਰ ਜਾਸਾਂ ਤਾਂ ਭਲਾ ਹੋਸੀ, ਜਿੰਦ ਸਤਿਗੁਰਾਂ ਦੀ ਹਜ਼ੂਰੀ ਵਿਚ ਭੇਟ ਹੋ ਜਾਸੀ ; ਇਸ ਨਕਾਰੇ ਸਰੀਰ ਦੀ ਖ਼ਾਤਰ ਬੇਮੁਖ ਹੋਵਾਂ ?"

"ਮਾਈ ! ਤੈਨੂੰ ਆਪਣੇ ਆਪ ਨਾਲ ਤਾਂ ਪਿਆਰ ਨਹੀਂ, ਪਰ ਇਸ ਬੱਚੇ ਪਰ ਤਾਂ ਤਰਸ ਕਰ, ਇਹ ਤਾਂ ਮਸੂਮ ਬਾਲਕ ਹੈ ।"

"ਵੀਰਾ ! ਤਰਸ ਕੀਤਾ ਹੈ ਤਾਂ ਹੀ ਨਾਲ ਲੈ ਕੇ ਆਈ ਹਾਂ, ਇਹ ਮੇਰੇ ਨਾਲੋਂ ਵਿੱਛੜ ਕੇ ਬੇਮੁਖ ਹੋ ਜਾਵੇ, ਸੱਚਖੰਡ ਵਿਚ ਨਾ ਜਾ ਸਕੇ ?"

ਇਹ ਮਾਈ ਦਰਬਾਰ ਸਾਹਿਬ ਨੂੰ ਮੰਦਿਰ ਜਾਣ ਕੇ ਨਹੀਂ ਜਾ ਰਹੀ ਸੀ, ਪਰ ਉਥੇ ਭਰੇ ਆਤਮ ਰਸ ਦੀ ਭੰਵਰ ਹੋ ਕੇ ਲਿਵਲੀਨ ਹੋਣ ਜਾ ਰਹੀ ਸੀ। ਪਿਆਰ ਨਾਲ ਮੁਕਾਬਲਾ ਕਰੋ ਤਾਂ ਅੰਮ੍ਰਿਤਸਰ ਨੂੰ ਛੱਡ ਕੇ ਬਿਨਾਂ ਕਿਸੀ ਖੋਹ ਦੇ, ਬਿਨਾਂ ਕਿਸੀ ਡੇਬ ਦੇ, ਗੋਤੇ ਦੇ, ਅੱਗੇ ਪਿੱਛੇ ਗੱਡੀ ਗੱਡੇ ਵਿਚ ਬੈਠੇ ਅਸੀਂ ਚਲੇ ਜਾਂਦੇ ਹਾਂ। ਗੁਰੂ ਦਾ ਪਿਆਰ, ਦਰਬਾਰ ਸਾਹਿਬ ਦੀ ਭਗਤੀ ਸਾਡੇ ਸ਼ਬਦਾਂ ਦੇ ਖ਼ਾਲੀ ਜੈਕਾਰਿਆਂ ਤੇ ਘੁਣ ਖਾਧੀਆਂ ਅਰਦਾਸਾਂ ਤਕ ਹੈ। ਸਾਡਾ ਅਸਲੀ ਪਿਆਰ ਸੁੱਕੀਆਂ ਇੱਟਾਂ ਨੂੰ ਸਿੱਖ ਭਰਾ ਆਖ ਆਖ ਕੇ ਗਲੇ ਲਾਉਣ ਦਾ ਪਿਆਰ ਹੈ। ਆਪਣੀ ਅਕਲ ਦੀ ਨੀਂਹ ਤੇ ਇਕ ਨਵੀਂ ਕੌਮ ਸੁਰਜੀਤ ਕਰਨ ਦਾ ਭੂਤ ਸਿਰ ਤੇ ਚੜ੍ਹ ਰਿਹਾ ਹੈ। ਅਕਲ ਪ੍ਰਧਾਨ ਹੈ। ਮਨਮੁੱਖਤਾ ਪੀਰ ਹੈ, ਤੇ ਸਭ ਥੀਂ ਵੱਧ ਹਾਸੇ ਦੀ ਗੱਲ ਇਹ ਹੈ ਕਿ ਅਸਾਂ ਸਾਰਿਆਂ ਨੂੰ ਆਪਣੀ ਅਕਲ ਦੇ ਬਣਾਏ ਬੁੱਤਾਂ ਦੇ ਪਿਆਰ ਭਗਤੀ ਤੇ ਧਿਆਨ ਦੇ ਨਾਨਾ ਰੰਗ ਸਿੱਖੀ ਦਿਸ ਰਹੀ ਹੈ। ਭਾਈ ਗੁਰਦਾਸ ਦੀ ਆਵਾਜ਼ ਦੀ ਥਾਵੇਂ ਅੱਜ ਅਣਜਾਣ ਮੁੰਡੇ ਪ੍ਰਧਾਨ ਹਨ। ਹਰ ਕੋਈ ਆਪਣੀ ਅਕਲ ਨੂੰ ਅਮਲੀ ਤਰ੍ਹਾਂ ਸਭ ਥੀਂ ਵੱਡਾ ਗਿਣ ਰਿਹਾ ਹੈ। ਧਰਮ ਪਰ ਆਪ ਖੜੇ ਹੋਣ ਦੀ ਥਾਂ ਧਰਮ ਨੂੰ ਆਪਣੀ ਅਕਲ ਦੀ ਚੁੰਝ ਪਰ ਠਹਿਰਾਉਣ ਦੀ ਕਰ ਰਹੇ ਹਾਂ। ਮੈਂ ਇਸ ਗੱਲ ਦੇ ਕਹਿਣ ਵਿਚ ਬਿਲਕੁਲ ਮਾਫ਼ੀ ਨਹੀਂ ਮੰਗਦਾ ਕਿ 'ਸਿੰਘਾਂ' ਦੇ ਅੱਜ-ਕੱਲ੍ਹ ਦੇ ਨਿੰਦਾ ਤੇ ਦਲੀਲਬਾਜ਼ੀ ਤੇ ਆਪਣੀ ਅਕਲ ਦੀ ਸਿੱਖੀ ਤੇ ਭਰੋਸੇ ਥੀਂ ਸਾਫ਼ ਲੱਭਦਾ ਹੈ ਕਿ ਅਸਾਂ ਉਪਰ ਅੱਜ-ਕੱਲ੍ਹ ਉਸ ਨੀਚਤਾ ਦੀ ਜਿੱਤ ਹੋ ਚੁੱਕੀ ਜਾਪਦੀ ਹੈ, ਜਿਸ ਦਾ ਨਾਂ ਲੈਣ ਤੇ ਰੂਹ ਨਹੀਂ ਕਰਦਾ। ਜੇ ਇਹੀ ਹਾਲ ਰਿਹਾ ਤੇ ਅਸੀਂ ਨਾ ਸੰਭਲੇ, ਤਦ ਜਾਣੋ ਅਸੀਂ ਮੋਏ, ਬੇਹੋਸ਼ ਹੋਏ, ਅੱਜ ਭੀ ਨਹੀਂ ਤੇ ਕੱਲ੍ਹ ਭੀ ਨਹੀਂ।

ਸਿੱਖ ਦਾ ਦਿਲ ਤਾਂ ਆਤਮਿਕ ਸੁਹਣੱਪ ਦਾ ਭੁੱਖਾ ਹੈ ਤੇ ਉਸ ਦੀ ਭੁੱਖ ਅਨੰਤ ਹੈ। ਸਾਰੀ ਕੁਦਰਤ ਤੇ ਉਸ ਦੀਆਂ ਸਾਰੀਆਂ ਸੁਹਣੀਆਂ ਮੂਰਤਾਂ ਉਸ ਨੂੰ ਰਿਝਾ ਨਹੀਂ ਸਕਦੀਆਂ। ਹੇ ਵੀਰੋ ! ਦਰਬਾਰ ਸਾਹਿਬ ਅਦਬ ਨਾਲ ਆਓ, ਆਤਮ ਰੰਗ ਮਾਣੋ। ਹੁਣ ਵਾਲੀ ਅਭਗਤ ਤੇ ਅਸ਼ਰਧਕ ਯਾਤਰਾ ਦਾ ਤਿਆਗ ਕਰੋ। ਬਾਜ਼ਾਂ ਵਾਲੇ ਮਾਲਕ ਦਾ ਇਹ ਮੰਦਿਰ ਹੈ। ਇਥੇ ਉਸ ਦੀ ਲੋਅ ਹੈ। ਇਹ ਤੁਸਾਡੀ ਤਵਾਰੀਖ਼ੀ ਅਮਰ ਦੁਨੀਆ ਹੈ। ਸਾਡੀ ਮਾਲੀ ਗ਼ਰੀਬੀ ਅਥਵਾ ਆਤਮਿਕ ਬੇਹੋਸ਼ੀ ਕਰਕੇ ਜੋ ਗੁਰਦੁਆਰਾ ਸਮਾਇਆ, ਉਹ ਹਰੀ ਮੰਦਿਰ ਆਇਆ। ਜਦ ਕਦੀ ਅਨੰਦਪੁਰ ਸਾਹਿਬ ਦੀ ਕੋਈ ਇੱਟ ਗਿਰੀ, ਉਹ ਇਥੇ ਆਣ ਲੱਗੀ। ਜਦ ਕਦੀ ਸਤਿਗੁਰਾਂ ਦੇ ਚਰਨ ਰਜ ਦੀ ਪਵਿੱਤਰ ਧਰਤੀ ਲੋਪ ਹੋਈ, ਓਹ ਇਸ ਹਰੀ ਮੰਦਿਰ ਵਿਚ ਆਣ ਪ੍ਰਗਟੀ। ਸਾਡਾ ਸਭ ਕੁਛ ਜੇ ਗੁੰਮ ਹੋ ਜਾਵੇ, ਤਦ ਇਥੇ ਮਿਲ ਪਵੇਗਾ। ਹਾਂ ਜੀ ! ਇਥੋਂ ਤਕ ਕਿ ਸਤਿਗੁਰਾਂ ਦਸ ਜਾਮੇ ਜਿਹੜੇ ਬਾਬਾ ਜੀ ਨੇ ਪਾਏ ਤੇ ਉਤਾਰੇ ਤੇ ਸਾਡੀ ਦ੍ਰਿਸ਼ਟੀ ਥੀਂ ਗ਼ਾਇਬ ਹੋਏ, ਉਹ ਇਥੇ ਮਿਲਦੇ ਹਨ। ਸਤਿਗੁਰਾਂ ਦੀ ਨਿੱਤ ਅਵਤਾਰੀ ਦੇਹ ਦੇ ਦੀਦਾਰ ਇਥੇ ਹੁੰਦੇ ਹਨ।

ਇਹ ਸਾਡਾ ਵਤਨ ਹੈ; ਹਰੀ ਮੰਦਿਰ ਸਾਡਾ ਸੱਚਾ ਦੇਸ਼ ਹੈ। ਸਾਡਾ ਘਰ ਹੈ। ਕਿਸੀ ਨੂੰ ਕੌਮ ਇਕੱਠ ਦੀ ਖ਼ੁਸ਼ੀ, ਕਿਸੀ ਨੂੰ ਮੁਲਕਗੀਰੀ ਦਾ ਕੰਮ, ਕਿਸੀ ਨੂੰ ਮੰਦਿਰ-ਮਾੜੀਆਂ ਉਸਾਰਨ ਦੀ ਚਾਹ, ਧਨ ਦੇ ਅੰਬਾਰਾਂ ਦਾ ਲਾਲਚ, ਕਿਸੀ ਨੂੰ ਜ਼ਮੀਨਾਂ ਦਾ ਚਾਅ, ਖੇਤੀ ਦੀ ਮਲਕੀਅਤ ਦਾ ਭਰੋਸਾ, ਕਿਸੀ ਨੂੰ ਹੁਕਮ ਦਾ ਨਸ਼ਾ। ਪਰ ਸਾਡਾ ਸਭ ਕੁਝ ਇਹ ਹਰੀ ਮੰਦਿਰ, ਇਸ ਵਿਚ ਵੱਸਦੇ ਪ੍ਰਭਾਵ ਦੇ ਅਸੀਂ ਭੌਰੇ। ਬਸ, ਇਹੋ ਸਾਡੀ ਆਤਮ ਜਾਇਦਾਦ, ਸਭ ਦੀ ਇਕੱਠੀ, ਸਾਂਝੀ ਤੇ ਮੁੜ ਮੁੜ ਆਪਣੀ। ਬਸ ਅਸੀਂ ਇਸ ਨਿੱਕੀ ਜਿੰਦ ਦੀ ਟੁਕੜੀ ਕਰਕੇ ਅਮੀਰ-ਫ਼ਕੀਰ, ਸਾਡਾ ਲੋਕ-ਪ੍ਰਲੋਕ ਇਹ, ਸਾਡੀ ਕੌਮ ਇਹ, ਸਾਡਾ ਦਿਲ ਇਹ। ਹਰਿਮੰਦਰ ਦਾ ਪਿਆਰ, ਹਰਿਮੰਦਰ ਦੇ ਆਤਮਿਕ ਝੰਡੇ ਦੀ ਮਾਨਸਿਕ ਤਾਬੇਦਾਰੀ, ਇਹ ਸਾਡਾ ਰਾਹ, ਜਪ, ਪਾਠ ਪੂਜਾ ਤੇ 'ਵਾਹਿਗੁਰੂ' 'ਵਾਹਿਗੁਰੂ' ਕਰਨਾ ਇਹ ਸਾਡਾ ਜੀਵਨ ਮਨੋਰਥ ਹੈ। ਪੰਛੀ ਨਾ ਕਿਸੀ ਦੇ ਵੈਰੀ ਤੇ ਨਾ ਕਿਸੇ ਦੇ ਮਿੱਤਰ। ਕਣਕ ਦੇ ਦਾਣੇ ਸਾਡਾ ਖਾਣਾ ਹੈ ਤੇ ਹਰੀ ਕੀਰਤਨ, ਨੇਕ ਕਿਰਤ, ਸ਼ੁਕਰ, ਨਿਰਵੈਰ, ਨਿਰਮੋਹ, ਸਭ ਦੀ ਸੇਵਾ ਇਹ ਸਾਡੀ ਦਿਨ-ਚਰਿਆ। ਕਲਗ਼ੀਆਂ ਵਾਲੇ ਦੇ ਗਗਨ ਵਿਚ ਦਿਨ ਰਾਤ ਉਡਾਰੀ, ਇਹ ਸਾਡਾ ਚਾਅ, ਅਹੰਕਾਰ, ਕੌਮੀਅਤ। ਬਾਕੀ ਇਨ੍ਹਾਂ ਆਦਰਸ਼ਾਂ ਥੀਂ ਛੁੱਟ ਸਾਡੇ ਲਈ ਸਭ ਕੂੜ। ਇਹ ਅਵਸਤੂ ਸੱਚੀ ਤੇ ਮਾਇਆ ਆਛਾਦਿਤ ਮਨ ਦੀਆਂ ਮੰਨੀਆਂ ਠੋਸ ਵਸਤੂ ਸਭ ਕੂੜ, ਅਵਸਤੂ।

ਗਿਆਨੀ ਸੰਤ ਸਿੰਘ ਮਸਕੀਨ

ਪੂਰਨ ਸੰਤ ਪੂਰਨ ਹੈ । ਪੂਰਨ ਸੰਤ ਮੁਕੰਮਲ ਇਨਸਾਨ ਹੈ । ਪੂਰਨ ਸੰਤ ਉਹ ਚਿੰਗਾਰੀ ਹੈ, ਜੋ ਸੂਰਜ ਬਣ ਗਈ; ਉਹ ਬੂੰਦ ਹੈ, ਜੋ ਸਾਗਰ ਬਣ ਗਈ; ਆਤਮਾ, ਪਰਮਾਤਮਾ ਬਣ ਗਈ । ਇਨਸਾਨ ਭਗਵਾਨ ਹੋ ਗਿਆ, ਮਨੁੱਖ ਪਰਮਾਤਮਾ ਹੋ ਗਿਆ; ਪੂਰਨ, ਮੁਕੰਮਲ ਹੋ ਗਿਆ :

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥ (ਗਉੜੀ ਕੀ ਵਾਰ, ਮਹਲਾ ੫, ਪੰਨਾ ੩੧੯)

ਸਾਧੂ ਵੀ ਅਜੇ ਅਧੂਰਾ ਹੈ ਜਗਿਆਸੂ ਅਜੇ ਬਸ ਚਲਿਆ ਹੀ ਹੈ। ਸੰਸਾਰੀ ਅਨਘੜਿਆ ਪੱਥਰ ਹੈ ਔਰ ਅਨਘੜਿਆ ਪੱਥਰ ਕਿਸੇ ਕੰਮ ਦਾ ਨਹੀਂ ਹੁੰਦਾ। ਹੋ ਸਕਦਾ ਹੈ ਰਸਤੇ ਦਾ ਰੋੜਾ ਹੀ ਬਣ ਜਾਏ। ਜਗਿਆਸੂ ਉਹ ਜਿਸਨੇ ਇਸ ਅਨਘੜੇ ਪੱਥਰ ਨੂੰ ਘੜਨ ਦਾ ਸੋਚ ਲਿਐ। ਇਸ ਨੇ ਇਸ ਨੂੰ ਘੜਨਾ ਹੈ। ਔਰ ਸਾਧੂ ਜੋ ਇਸ ਪੱਥਰ ਨੂੰ ਸਿਮਰਨ ਦੀ ਹਥੌੜੀ ਲੈ ਕੇ, ਜਤ ਦਾ ਛੈਣਾ ਲੈ ਕੇ ਘੜਨ ਲੱਗ ਪਿਐ:

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥ (ਜਪੁ ਜੀ)

ਜਿਸ ਨੇ ਘੜਨਾ ਆਰੰਭ ਕਰ ਦਿੱਤੈ, ਯਾ ਜਿਸ ਨੇ ਘੜ ਲਿਐ । ਵਾਸਤਵ ਵਿਚ ਘੜਨਾ ਕੀ ਹੈ? ਕੁਛ ਫਾਲਤੂ ਪੱਥਰ ਨੂੰ ਪਰ੍ਹੇ ਕਰ ਕੇ ਮੂਰਤੀਮਾਨ ਕਰਨਾ ਹੈ । ਔਰ ਜੋ ਘੜਨ ਵਿਚ ਜਿੱਤ ਗਿਆ, ਉਹ ਸਾਧੂ ਹੈ, ਤੇ ਜਿਸ ਨੇ ਘੜ ਕੇ ਪੱਥਰ ਨੂੰ ਪਰਮਾਤਮਾ ਦਾ ਰੂਪ ਬਣਾ ਲਿਆ, ਉਹ ਸੰਤ ਹੈ, ਉਹ ਪੂਰਨ ਸੰਤ ਹੈ । ਐਸਾ ਸੰਤ, ਮਹਾਰਾਜ ਜੀ ਦੀ ਬਾਣੀ ਕਹਿੰਦੀ ਹੈ, "ਸੰਤ ਰਾਮ ਮਹਿ ਭੇਦ ਨ ਭਾਈ ॥" ਰਾਮ ਸੰਤ ਹੈ, ਸੰਤ ਰਾਮ ਹੈ; ਪਰਮਾਤਮਾ ਸੰਤ ਹੈ, ਸੰਤ ਪਰਮਾਤਮਾ ਹੈ । ਗੁਰੂ ਨਾਨਕ ਦੇਵ ਜੀ ਇਸ ਨੂੰ ਇੰਜ ਬਿਆਨ ਕਰਦੇ ਨੇ :

ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ...॥ (ਰਾਮਕਲੀ ਮ: ੧, ਪੰਨਾ ੮੭੮)

ਬੂੰਦ ਅਲੱਗ ਸੀ ਤਾਂ ਅਲੱਗ ਹੁੰਦਿਆਂ ਸਾਗਰ ਦੀ ਬੂੰਦ ਸੀ । ਬੂੰਦ ਸਾਗਰ ਦੇ ਵਿਚ ਲੀਨ ਹੋ ਗਈ, ਬੂੰਦ ਵੀ ਸਾਗਰ ਬਣ ਗਈ । ਬੂੰਦ ਇਕੱਲੀ ਸੀ ਤਾਂ ਸੀਮਿਤ ਸੀ, ਸਾਗਰ ਵਿਚ ਮਿਲ ਗਈ, ਅਸੀਮ ਹੋ ਗਈ । ਬੂੰਦ ਸੀ, ਸੁੱਕ ਜਾਣ ਦਾ ਡਰ ਸੀ । ਯਾ ਤਾਂ ਇਸ ਬੂੰਦ ਨੂੰ ਧਰਤੀ ਨੇ ਜਜ਼ਬ ਕਰ ਲੈਣਾ ਸੀ ਯਾ ਫਿਰ ਸੂਰਜ ਦੀਆਂ ਕਿਰਨਾਂ ਨੇ ਸੁਕਾ ਕੇ ਰੱਖ ਦੇਣਾ ਸੀ । ਬੂੰਦ ਦੀ ਸਮਰੱਥਾ ਸੀਮਿਤ ਹੈ, ਬੂੰਦ ਨਾਪੀ ਤੋਲੀ ਜਾ ਸਕਦੀ ਹੈ, ਸਾਗਰ ਨਹੀਂ । ਤੇ ਬੂੰਦ ਵਿਚ ਸਾਗਰ ਹੋਣ ਦੀ ਸਮਰੱਥਾ ਛੁਪੀ ਪਈ ਹੈ ਔਰ ਮਨ ਵਿਚ ਪਰਮਾਤਮਾ ਹੋਣ ਦੀ ਸਮਰੱਥਾ ਛੁਪੀ ਹੋਈ ਹੈ ਅਗਰ ਮਨ ਨੂੰ ਗਤੀਮਾਨ ਕਰ ਲਿਆ ਜਾਵੇ । ਬੂੰਦ ਵੀ ਗਤੀਮਾਨ ਹੋ ਸਕਦੀ ਹੈ, ਅਗਰ ਅਨੇਕਾਂ ਬੂੰਦਾਂ ਦਾ ਸਹਾਰਾ ਮਿਲ ਜਾਏ । ਬੂੰਦਾਂ ਤੋਂ ਭਾਵ ਸੰਸਾਰ ਦੇ ਸਮੱਸਤ ਸਤਿ ਭਗਤਾਂ, ਅਵਤਾਰੀ ਪੁਰਸ਼ਾਂ ਦਾ ਸਹਾਰਾ ਪਕੜਨਾ, ਇਨ੍ਹਾਂ ਦੇ ਸਹਾਰੇ ਨਾਲ ਚੱਲਣਾ, ਇਨ੍ਹਾਂ ਦੇ ਬੋਲਾਂ ਦਾ ਸਹਾਰਾ ਪਕੜਨਾ, ਇਨ੍ਹਾਂ ਦੇ ਪੂਰਨਿਆਂ ਤੇ ਚੱਲਣਾ, ਇਨ੍ਹਾਂ ਦੇ ਦਰਸਾਏ ਹੋਏ ਮਾਰਗ ਤੇ ਚੱਲਣਾ, ਇਨ੍ਹਾਂ ਦੇ ਜਗਤ ਨੂੰ ਦਰਸਾਏ ਗਏ ਸੰਦੇਸ਼ਾਂ ਦਾ ਸਹਾਰਾ ਪਕੜ ਕੇ ਪਹੁੰਚ ਜਾਣਾ; ਔਰ ਜੋ ਪਹੁੰਚ ਗਿਆ, ਉਹ ਸੰਤ ਹੈ । ਸੰਤ ਦੇ ਦਰਸ਼ਨ ਰਾਮ ਦੇ ਦਰਸ਼ਨ ਨੇ । ਜੈਸੇ ਰਾਮ ਦੇ ਦਰਸ਼ਨ ਬੜੇ ਦੁਰਲਭ ਨੇ, ਤਿਵੇਂ ਹੀ :

ਸੰਤ ਕਾ ਸੰਗੁ ਵਡਭਾਗੀ ਪਾਈਐ ॥ (ਗਉੜੀ ਸੁਖਮਨੀ ਮ: ੫, ਪੰਨਾ ੨੬੫)

ਸੰਤ ਦੀ ਸੰਗਤ, ਸੰਤ ਦੇ ਕੋਲ ਬੈਠਣਾ, ਸੰਤ ਦਾ ਦੀਦਾਰ ਕਿਧਰੇ ਭਾਗਾਂ ਨਾਲ ਮਿਲਦਾ ਹੈ । ਕਿਉਂ ?

ਚੰਦਨ ਤਰ ਨਾ ਬਨੁ ਬਨੁ, ਸੰਤ ਨ ਪੁਰ ਪੁਰ ਮਾਹਿ ।

ਜੈਸੇ ਚੰਦਨ ਦਾ ਬਿਰਖ ਹਰ ਜਗ੍ਹਾ ਨਹੀਂ ਹੈ । ਸਾਰੀ ਦੁਨੀਆ ਵਿਚ ਇਹ ਚੰਦਨ ਕੇਵਲ ਕਰਨਾਟਕ ਵਿਚ ਮਿਲਦਾ ਹੈ, ਹੋਰ ਕਿਧਰੇ ਵੀ ਨਹੀਂ । ਸਾਰੀ ਦੁਨੀਆ ਵਿਚ ਕੇਸਰ, ਕਸ਼ਮੀਰ ਯਾ ਸਪੇਨ (ਯੂਰਪ) ਵਿਚ ਪੈਦਾ ਹੁੰਦਾ ਹੈ,ਹੋਰ ਕਿਧਰੇ ਵੀ ਨਹੀਂ । ਕੇਸਰ ਉਗਿਆ ਹੋਇਆ ਵੇਖਣਾ ਹੋਵੇ ਤਾਂ ਕਸ਼ਮੀਰ ਜਾਣਾ ਪਏਗਾ, ਸਪੇਨ ਜਾਣਾ ਪਏਗਾ। ਚੰਦਨ ਦੇ ਦਰਖ਼ਤ ਦੇਖਣੇ ਹੋਣ ਤਾਂ ਕਰਨਾਟਕ ਭਾਰਤਵਰਸ਼ (ਇੰਡੀਆ) ਵਿਚ ਮਿਲਣਗੇ । ਇਵੇਂ ਹੀ ਅਗਰ ਸੰਤ ਦੇ ਦਰਸ਼ਨ ਕਰਨੇ ਹੋਣ ਤਾਂ ਪ੍ਰਥਮ ਤਾਂ ਐਸੀ ਪ੍ਰਾਰਬਧ ਹੋਣੀ ਚਾਹੀਦੀ ਹੈ, ਐਸੇ ਭਾਗ ਹੋਣੇ ਚਾਹੀਦੇ ਹਨ । ਹਰ ਜਗ੍ਹਾ ਸੰਤ ਵੀ ਨਹੀਂ ਹੈ, ਕਿਧਰੇ

ਕਿਧਰੇ ਹੈ। ਕਿਸੇ ਟਾਵੇਂ ਮੁਲਕ ਵਿਚ, ਕਿਸੇ ਟਾਵੇਂ ਸ਼ਹਿਰ ਵਿਚ, ਹਰ ਕਸਬੇ ਵਿਚ ਸੰਤ ਨਹੀਂ ਹੈ। ਸੰਤ ਦੀ ਸੰਗਤ ਉਹ ਹੈ, ਜੋ ਪ੍ਰਭੂ ਚਿੰਤਨ ਕਰਾ ਦੇਵੇ। ਇਨ੍ਹਾਂ ਸੰਤਾਂ ਨੂੰ ਤਿੰਨ ਕੋਟੀਆਂ ਵਿਚ ਵੰਡਿਆ ਜਾ ਸਕਦਾ ਹੈ:

## ਪਹਿਲੀ ਸੰਤ ਸ਼੍ਰੇਣੀ

ਕੁਛ ਸੰਤ ਐਸੇ ਨੇ, ਜੋ ਜਨਮ ਤੋਂ ਹੀ ਸੰਤ ਬਿਰਤੀ ਲੈ ਕੇ ਜਨਮੇ ਨੇ। ਸੰਸਾਰੀ, ਜਗਿਆਸੂ, ਸਾਧੂ, ਇਸ ਤਲ ਤੋਂ ਨਹੀਂ ਲੰਘੇ। ਇਹ ਇਸ ਤਰ੍ਹਾਂ ਸਮਝ ਲਵੋ, ਜੈਸੇ ਸਾਗਰ ਤੋਂ ਬੱਦਲ ਉਠੇ ਤੇ ਬੱਦਲ ਸਾਗਰ ਦੇ ਵਿਚ ਹੀ ਬਰਸ ਪਏ। ਬੂੰਦ ਸਿੱਧੀ ਸਾਗਰ ਵਿਚ ਡਿੱਗ ਪਈ। ਅਗਰ ਬੂੰਦ ਪਹਾੜ ਤੇ ਡਿਗਦੀ, ਜੰਮ ਕੇ ਬਰਫ਼ ਬਣਦੀ, ਫਿਰ ਪਿਘਲ ਕੇ ਪਾਣੀ ਬਣਦੀ, ਫਿਰ ਅਨੰਤ ਬੂੰਦਾਂ ਦਾ ਸਹਾਰਾ ਲੈ ਕੇ ਚੱਲ ਪੈਂਦੀ, ਫਿਰ ਝਰਨਾ ਬਣ ਕੇ ਤੇ ਅਗਾਂਹ ਹੋਰ ਅਨੇਕਾਂ ਝਰਨਿਆਂ ਦਾ ਸਹਾਰਾ ਲੈ ਕੇ, ਫਿਰ ਲੰਬੀ ਯਾਤਰਾ, ਮਾਰੂਥਲ, ਕਸਬੇ ਤੇ ਸ਼ਹਿਰ, ਜੰਗਲਾਂ ਨੂੰ ਛੂੰਹਦੀ, ਫਿਰ ਕਿਧਰੇ ਸਾਗਰ ਦਾ ਮਿਲਾਪ ਹੈ। ਫਿਰ ਸਾਗਰ ਵਿੱਚੋਂ ਬੱਦਲ ਉਠੇ, ਫਿਰ ਸਾਗਰ ਵਿਚ ਬਰਸੇ। ਇਵੇਂ ਹੀ ਪਰਮਾਤਮਾ ਤੋਂ ਆਤਮਾ ਆਈ, ਫਿਰ ਪਰਮਾਤਮਾ ਵਿਚ ਲੀਨ ਹੋ ਗਈ। ਪਰਮਾਤਮਾ ਦੇ ਵਿੱਚੋਂ ਆਈ, ਪਰਮਾਤਮਾ ਤੇ ਛਾਈ ਰਹੀ। ਸਾਗਰ ਵਿੱਚੋਂ ਬੱਦਲ ਉਠੇ, ਸਾਗਰ ਤੇ ਹੀ ਛਾਏ ਰਹੇ, ਸਾਗਰ ਦੇ ਵਿਚ ਹੀ ਬਰਸ ਪਏ। ਇਹ ਪਹਿਲੀ ਸ਼੍ਰੇਣੀ ਦੇ ਸੰਤ ਨੇ, ਇਨ੍ਹਾਂ ਨੂੰ ਸੰਤ ਕਹਿੰਦੇ ਨੇ। ਇਹ ਜਨਮ ਤੋਂ ਹੀ ਬ੍ਰਹਮ ਗਿਆਨੀ ਹੁੰਦੇ ਨੇ, ਇਹ ਜਨਮ ਤੋਂ ਹੀ ਰੱਬੀ ਰੂਪ ਹੁੰਦੇ ਹਨ, ਪਰਮਾਤਮਾ ਦਾ ਹੀ ਰੂਪ ਹੁੰਦੇ ਨੇ। ਅਗਰ ਇਹ ਜਨਮ ਤੋਂ ਹੀ ਮੁਕਤ ਨੇ ਤਾਂ ਫਿਰ ਇਹ ਸਾਗਰ ਪਰਮਾਤਮਾ ਤੋਂ ਅਲੱਗ ਕਿਉਂ ਹੋਏ ਨੇ, ਕਿਉਂਕਿ ਇਹ ਸਿਰਫ਼ ਸੰਸਾਰ ਦੀ ਖ਼ਾਤਰ ਆਉਂਦੇ ਨੇ :

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥ (ਸੂਹੀ ਮ: ੫, ਪੰਨਾ ੭੪੯)

ਇਨ੍ਹਾਂ ਸਾਰੀਆਂ ਬੂੰਦਾਂ ਨੂੰ ਸਾਗਰ ਤਕ ਪਹੁੰਚਾਣਾ ਹੈ ਇਨ੍ਹਾਂ ਨੇ। ਔਰ ਜੋ ਹਰ ਬੂੰਦ ਦਾ ਆਸਰਾ ਬਣਨਾ ਚਾਹੁੰਦੇ ਨੇ, ਉਨ੍ਹਾਂ ਨੂੰ ਅਵਤਾਰ ਕਹਿੰਦੇ ਨੇ। ਜੈਸੇ ਕੁਛ ਬੂੰਦਾਂ ਛੋਟੀਆਂ ਹੁੰਦੀਆਂ ਨੇ, ਕੋਈ ਮੋਟੀਆਂ, ਕੋਈ ਬਹੁਤ ਮੋਟੀਆਂ। ਇਵੇਂ ਹੀ ਅਵਤਾਰਾਂ ਵਿਚ ਵੀ ਬਹੁਤ ਸ਼੍ਰੇਣੀਆਂ ਹੁੰਦੀਆਂ ਨੇ; ਕੋਈ ਦੋ ਕਲਾ ਅਵਤਾਰ ਹੈ, ਕੋਈ ਚਾਰ ਕਲਾ, ਕੋਈ ਅੱਠ ਕਲਾ, ਕੋਈ ਬਾਰਾਂ ਕਲਾ, ਕੋਈ ਚੌਦਾਂ ਕਲਾ, ਕੋਈ ਸੋਲਾਂ ਕਲਾ, ਕੋਈ ਅਨੰਤ ਕਲਾ।

ਤੇ ਅਨੰਤ ਕਲਾ ਸੰਪੂਰਨ ਅਵਤਾਰ ਨੇ, ਔਰ ਇਹ ਨੇ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ। ਇਹ ਬੂੰਦ ਆਪਣੇ ਅੰਦਰ ਤੜਪ ਰੱਖਦੀ ਏ। ਇਹ ਬੂੰਦ ਬਹੁਤਿਆਂ ਦਾ ਸਹਾਰਾ ਬਣੀ, ਬੜੀਆਂ ਬੂੰਦਾਂ ਨੂੰ ਸਾਗਰ ਰੂਪੀ ਪਰਮਾਤਮਾ ਤਕ ਪਹੁੰਚਾਇਆ ਇਸ ਬੂੰਦ ਨੇ। ਇਹ ਬੂੰਦ ਜੋਗੀਆਂ ਦਾ ਸਹਾਰਾ ਬਣੀ, ਸਿੱਧਾਂ ਦਾ, ਮੱਕੇ ਦੇ ਹਾਜੀਆਂ ਦਾ, ਜੰਗਲ ਦੇ ਡਾਕੂਆਂ ਦਾ ਸਹਾਰਾ ਬਣੀ; ਠੱਗਾਂ ਦਾ, ਸੰਸਾਰੀਆਂ ਦਾ, ਵਿਕਾਰੀਆਂ ਦਾ ਤੇ ਬਾਦਸ਼ਾਹਾਂ ਦਾ, ਕੰਗਾਲਾਂ ਦਾ, ਕੋਹੜੀਆਂ ਦਾ ਸਹਾਰਾ ਬਣੀ। ਇਤਨੀ ਵੱਡੀ ਬੂੰਦ, ਇਤਨੀ ਵੱਡੀ ਬੂੰਦ! ਇਸ ਵਾਸਤੇ ਇਸ ਬੂੰਦ ਦਾ ਨਾਮ ਪਿਆ ਗੁਰਪੁਰਸ਼ੋਤਮ ਅਵਤਾਰ। ਇਹ ਬੂੰਦ, ਇਹ ਅਵਤਾਰ ਸਿਰਮੌਰ ਹੈ। ਇਤਨੀ ਵੱਡੀ ਬੂੰਦ! ਤੇ ਸੰਤਾਂ ਦੀ ਇਹ ਸਿਰਮੌਰ ਸ਼੍ਰੇਣੀ ਹੈ।

## ਦੂਸਰਾ ਸੰਤ ਤਬਕਾ

ਜੋ ਪਹਿਲੇ ਸੰਸਾਰੀ ਸਨ, ਫਿਰ ਜਗਿਆਸੂ ਬਣੇ, ਫਿਰ ਸਾਧੂ ਬਣੇ, ਫਿਰ ਸੰਤ ਹੋ ਗਏ; ਇਹ ਦੂਸਰਾ ਤਬਕਾ। ਜੋ ਚੱਲ ਚੱਲ ਕੇ ਸੰਤ ਬਣੇ, ਜੋ ਸਾਧਨਾ ਕਰ ਕਰ ਕੇ ਸਾਗਰ ਤਕ ਪਹੁੰਚੇ, ਉਹ ਵੀ ਸਾਗਰ ਨੇ, ਅਵਤਾਰ ਵੀ ਸਾਗਰ ਨੇ। ਭਾਵੇਂ ਸਾਗਰ ਵਿਚ ਲੀਨ ਤਾਂ ਹੋ ਗਏ, ਪਰ ਰਸਤਿਆਂ ਵਿਚ ਫ਼ਰਕ ਹੈ, ਜਿਨ੍ਹਾਂ ਮਾਰਗਾਂ ਤੇ ਚੱਲ ਕੇ ਕੋਈ ਪਹੁੰਚਿਆ ਹੈ, ਜਗਿਆਸੂ ਸਾਧਨਾ ਕਰਕੇ ਪਹੁੰਚਿਆ ਹੈ। ਤੇ ਉਹ ਦੋ ਮਾਰਗ ਪੰਥ ਬਣ ਜਾਂਦੇ ਨੇ, ਸੰਪਰਦਾਵਾਂ ਬਣ ਜਾਂਦੀਆਂ ਨੇ। ਤੇ ਐਸੇ ਸੰਤਾਂ ਕਰਕੇ ਇਹ ਸੰਪਰਦਾਵਾਂ ਬਣਦੀਆਂ ਗਈਆਂ, ਜਿਹੜੇ ਕਿ ਸਾਧਨਾ ਕਰ ਕਰ ਕੇ ਪਹੁੰਚੇ ਨੇ।

ਭਾਵੇਂ ਕਿ ਇਹ ਅਵਤਾਰੀ ਪੁਰਸ਼, ਜੋ ਜਨਮ ਤੋਂ ਅਵਤਾਰੀ ਪੁਰਸ਼ ਸਨ, ਸਰਬੱਤ ਦੇ ਸਾਂਝੇ ਹੁੰਦੇ ਨੇ, ਔਰ ਇਹ ਐਸਾ ਮਾਰਗ ਬਣਾਉਂਦੇ ਨੇ, ਜਿਸ ਉੱਤੇ ਸਾਰੇ ਚੱਲ ਸਕਣ। ਰੂਏ-ਜ਼ਮੀਨ ਤੇ ਇਸ ਤਰ੍ਹਾਂ ਦਾ ਮਾਰਗ ਇੱਕੋ ਹੀ ਮਾਰਗ ਹੈ – ਗੁਰੂ ਪੰਥ – ਗੁਰੂ ਦਾ ਰਸਤਾ। ਇਸ ਰਸਤੇ ਹਿੰਦੂ ਚੱਲ ਸਕਦੇ ਨੇ ਔਰ

ਚਲਦੇ ਨੇ, ਇਸ ਰਸਤੇ ਤੇ ਮੁਸਲਿਮ ਚੱਲ ਸਕਦੇ ਨੇ ਔਰ ਚਲਦੇ ਨੇ; ਇਸ ਰਸਤੇ ਤੇ ਸਿੱਖ ਚਲਦੇ ਨੇ, ਇਸ ਮਾਰਗ ਤੇ ਸਾਰੇ ਹੀ ਚਲਦੇ ਨੇ :

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥ (ਮਾਝ ਮ: ੫, ਪੰਨਾ ੯੭)

ਇਹੀ ਕਾਰਨ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਨੇ ਬਾਬਾ ਫ਼ਰੀਦ ਨੂੰ, ਭਗਤ ਕਬੀਰ ਨੂੰ, ਰਾਮਾਨੰਦ ਨੂੰ, ਪਰਮਾਨੰਦ ਨੂੰ, ਸਭ ਨੂੰ ਗਲੇ ਲਗਾਇਆ ਹੈ ।

ਸਿੱਖ ਪੰਥ, ਗੁਰੂ ਪੰਥ, ਇਕ ਐਸਾ ਪੰਥ ਹੈ, ਜਿਸ ਉੱਤੇ ਕੋਈ ਵਿਅਕਤੀ ਦਾਅਵਾ ਨਹੀਂ ਕਰ ਸਕਦਾ ਕਿ ਇਹ ਮੇਰਾ ਹੈ । ਸੰਸਾਰ ਦਾਅਵਾ ਕਰ ਸਕਦਾ ਹੈ ਕਿ ਗੁਰੂ ਨਾਨਕ ਮੇਰਾ ਹੈ, ਗੁਰੂ ਗ੍ਰੰਥ ਸਾਹਿਬ ਮੇਰਾ ਹੈ । ਇਸ ਵਾਸਤੇ ਅਸੀਂ ਦੇਖਦੇ ਹਾਂ ਕਿ ਵੱਖ ਵੱਖ ਲੋਕ, ਦਿਨੋ ਦਿਨ ਧੰਨ ਗੁਰੂ ਨਾਨਕ ਦੇਵ ਜੀ ਦੀ ਉਚਾਰਨ ਕੀਤੀ ਹੋਈ ਬਾਣੀ ਦਾ ਆਸਰਾ ਪਕੜ ਕੇ, ਪਰਮਾਤਮਾ ਤਕ ਪਹੁੰਚਣ ਦਾ ਵਸੀਲਾ ਉਪਲਬਧ ਕਰਦੇ ਨੇ । ਤੇ ਜਿਹੜੇ ਚੱਲ ਚੱਲ ਕੇ ਪਹੁੰਚੇ ਨੇ, ਉਨ੍ਹਾਂ ਦੇ ਚੱਲਣ ਨਾਲ ਉਨ੍ਹਾਂ ਦੇ ਕਦਮਾਂ ਦੇ ਜੋ ਨਿਸ਼ਾਨ ਨੇ, ਸੰਪਰਦਾਵਾਂ ਬਣਦੀਆਂ ਨੇ, ਰਸਤੇ ਬਣਦੇ ਨੇ, ਮਾਰਗ ਬਣਦੇ ਨੇ, ਔਰ ਉਨ੍ਹਾਂ ਕਰਕੇ ਭਿੰਨ ਭਿੰਨ ਧਰਮ ਮੰਦਿਰ ਬਣਦੇ ਨੇ, ਧਰਮ ਗ੍ਰੰਥ ਬਣਦੇ ਨੇ ਔਰ ਉਨ੍ਹਾਂ ਦੀਆਂ ਆਪਣੀਆਂ ਮਰਿਆਦਾਵਾਂ ਬਣਦੀਆਂ ਨੇ । ਇਹ ਦੂਸਰੀ ਕੋਟੀ ਦੇ ਸੰਤ ਨੇ, ਜੋ ਚੱਲ ਚੱਲ ਕੇ ਸੰਤ ਬਣ ਗਏ ਨੇ, ਉਨ੍ਹਾਂ ਦੇ ਕਦਮਾਂ ਦੇ ਨਿਸ਼ਾਨ ਬਣਦੇ ਗਏ, ਉਹ ਸਾਗਰ ਹੋ ਗਏ ।

## ਤੀਸਰੀ ਸੰਤ ਸ਼੍ਰੇਣੀ

ਜਿਨ੍ਹਾਂ ਦੇ ਕਦਮਾਂ ਦੇ ਨਿਸ਼ਾਨ ਨਹੀਂ ਬਣਦੇ, ਲੇਕਿਨ ਸਾਗਰ ਹੋ ਗਏ ਨੇ, ਸਾਗਰ ਤੱਕ ਪਹੁੰਚ ਗਏ ਨੇ । ਕਦਮਾਂ ਦੇ ਨਿਸ਼ਾਨ ਨਹੀਂ ਬਣਦੇ, ਇਤਨੇ ਜ਼ੋਰ ਦੇ ਕਦਮ ਜ਼ਮੀਨ ਤੇ ਰੱਖੇ ਹੀ ਨਹੀਂ ਕਿ ਨਿਸ਼ਾਨ ਬਣਨ, ਭਾਵ ਉਹ ਬੋਲੇ ਨਹੀਂ । ਚਲਦੇ ਰਹੇ, ਪਰ ਬੋਲੇ ਨਹੀਂ । ਚਲਦੇ ਤਾਂ ਰਹੇ, ਪਰ ਆਪਣਾ ਗਿਆਨ, ਆਪਣਾ ਅਨੁਭਵ, ਆਪਣਾ ਰਸ, ਜਗਤ ਦੇ ਸਾਹਮਣੇ ਬੋਲਾਂ ਰਾਹੀਂ ਪ੍ਰਗਟ ਨਾ ਕਰ ਸਕੇ । ਔਰ ਨਾ ਬੋਲਣ ਦੇ ਦੋ ਕਾਰਨ ਨੇ । ਇਕ ਕਾਰਨ ਇਹ ਕਿ ਬੋਲਾਂ ਦਾ ਜਗਤ ਨਾਲ ਕਈ ਦਫ਼ਾ ਤਾਲ-ਮੇਲ ਨਹੀਂ ਬੈਠਦਾ, ਇਹ ਬਹੁਤ ਅੱਗੇ ਲੰਘ ਗਏ ਹੁੰਦੇ ਨੇ । ਇਹ ਜੋ ਕੁਛ ਵੀ ਬੋਲਦੇ ਨੇ, ਪੱਛੜਿਆਂ ਹੋਇਆਂ ਲੋਕਾਂ ਨਾਲ ਉਨ੍ਹਾਂ ਦੇ ਬੋਲਾਂ ਦਾ ਤਾਲ-ਮੇਲ ਨਹੀਂ ਮਿਲਦਾ । ਜੈਸੇ ਚੌਥੀ ਕਲਾਸ ਦਾ ਵਿਦਿਆਰਥੀ ਹੋਵੇ ਤੇ ਉਸਦੇ ਸਾਹਮਣੇ ਦਸਵੀਂ ਕਲਾਸ ਦੀ ਕਿਤਾਬ ਰੱਖ ਦੇਈਏ ਤੇ ਉਸ ਨੂੰ ਆਖੀਏ ਕਿ ਪੜ੍ਹ, ਯਾ ਆਪ ਪੜ੍ਹ ਕੇ ਉਸ ਨੂੰ ਸੁਣਾਈਏ, ਉਸ ਨੂੰ ਕੋਈ ਲਾਭ ਨਹੀਂ ਹੁੰਦਾ । ਜੋ ਕਾਲਜ ਵਿਚ ਚਲਾ ਗਿਆ, ਉਸ ਨੂੰ ਵੀ ਕੋਈ ਲਾਭ ਨਹੀਂ ਹੁੰਦਾ । ਯੂਨੀਵਰਸਿਟੀ ਵਿਚ ਜੋ ਚਲਿਆ ਗਿਆ ਹੈ, ਉਸਨੂੰ ਪੜ੍ਹਾਈਏ ਯਾ ਪੜ੍ਹ ਕੇ ਸੁਣਾਈਏ, ਉਸ ਨੂੰ ਵੀ ਕੋਈ ਲਾਭ ਨਹੀਂ ਹੁੰਦਾ । ਉਹ ਉਸ ਤੋਂ ਅੱਗੇ ਚਲਿਆ ਗਿਐ , ਲਾਭ ਲੈ ਸਕੇ, ਇਹ ਉਸ ਤੋਂ ਥੱਲੇ ਹੈ । ਜਦ ਕੋਈ ਸਾਧੂ ਉਪਦੇਸ਼ ਕਰਦਾ ਹੈ ਤਾਂ ਸੰਤ ਲਈ ਕੁਛ ਭੀ ਲਾਭਦਾਇਕ ਨਹੀਂ ਹੋ ਸਕਦਾ, ਕਿਉਂਕਿ ਸੰਤ ਪਹੁੰਚਿਆ ਹੋਇਆ ਹੈ । ਪਰ ਜਿਹੜਾ ਅਜੇ ਜਗਿਆਸੂ ਹੈ, ਉਸਦਾ ਤਾਂ ਤਾਲ-ਮੇਲ ਨਹੀਂ ਬੈਠਦਾ । ਇਸ ਵਾਸਤੇ ਇਹ ਸ਼੍ਰੇਣੀ ਮੂੰਹੋਂ ਕੁਛ ਨਹੀਂ ਬੋਲਦੀ, ਇਹ ਸਿਰਫ਼ ਇਸ ਤਰ੍ਹਾਂ ਹੈ, ਜਿਵੇਂ ਪ੍ਰਾਇਮਰੀ ਸਕੂਲ ਦੇ ਵਿਦਿਆਰਥੀ ਨੇ ।

ਦੂਸਰੇ ਉਹ ਹਨ, ਜਿਨ੍ਹਾਂ ਕੋਲ ਅਨੁਭਵ ਹੈ, ਰਸ ਹੈ, ਆਨੰਦ ਹੈ, ਪ੍ਰਕਾਸ਼ ਹੈ, ਸਾਗਰ ਹੋ ਗਏ ਨੇ, ਸੂਰਜ ਹੋ ਗਏ ਨੇ । ਪਰ ਕੁਛ ਬੋਲ ਕੇ ਦੱਸ ਸਕਣ, ਉਹ ਭਾਸ਼ਾ ਦੇ ਗਿਆਨੀ ਨਹੀਂ ਨੇ, ਉਨ੍ਹਾਂ ਕੋਲ ਸ਼ੈਲੀ ਸ਼ਬਦਾਵਲੀ ਨਹੀਂ ਹੈ, ਉਨ੍ਹਾਂ ਕੋਲ ਦਲੀਲਾਂ ਤੇ ਪ੍ਰਮਾਣ ਨਹੀਂ ਨੇ, ਕਿਉਂਕਿ ਉਨ੍ਹਾਂ ਕੋਲ ਦੁਨਿਆਵੀ ਪੜ੍ਹਾਈ ਨਹੀਂ ਹੈ । ਉਨ੍ਹਾਂ ਪਾਸ ਪਰਮਾਤਮਾ ਦਾ ਗਿਆਨ ਤਾਂ ਹੈ, ਪਰ ਅੱਖਰਾਂ ਦਾ ਗਿਆਨ ਨਹੀਂ ਹੈ । ਭੋਜਨ ਤਾਂ ਬੜਾ ਏ, ਇਸ ਨੂੰ ਵੰਡ ਸਕਣ, ਭਾਂਡੇ ਨਹੀਂ ਹਨ । ਇਹ ਭਾਸ਼ਾਵਾਂ, ਇਹ ਬੋਲਣਾ, ਸਭ ਭਾਂਡੇ ਨੇ। ਇਹ ਦੂਜੀ ਸ਼੍ਰੇਣੀ ਦੇ ਸੰਤ ਨੇ, ਭੋਜਨ ਦੇ ਇਨ੍ਹਾਂ ਕੋਲ ਅੰਬਾਰ ਨੇ, ਪਰ ਵੰਡ ਸਕਣ, ਭਾਂਡੇ ਨਹੀਂ ਹਨ ।

ਇਕ ਐਸੇ ਵੀ ਨੇ, ਭਾਂਡੇ ਵੀ ਬਹੁਤ ਸਾਰੇ ਨੇ, ਭੋਜਨ ਵੀ ਬਹੁਤ ਹੈ, ਇਹ ਅਵਤਾਰ ਕਹਿਲਾਂਦੇ ਨੇ, ਇਹ ਵੰਡਦੇ ਹੀ ਰਹਿੰਦੇ ਨੇ । ਇਕ ਤੀਸਰੀ ਕੋਟੀ ਵੀ ਆ ਜਾਂਦੀ ਹੈ - ਸ਼ੈਲੀ ਵੀ ਹੈ, ਸ਼ਬਦਾਵਲੀ ਵੀ ਹੈ, ਦਲੀਲ ਤੇ ਪ੍ਰਮਾਣ ਵੀ ਹੈ, ਜਾਣਦੇ ਵੀ ਨੇ, ਪਰ ਫਿਰ ਵੀ ਨਹੀਂ ਕਹਿੰਦੇ, ਕਿਉਂਕਿ ਉਹ ਸੋਚਦੇ ਨੇ ਕਿ ਇਹ ਸੰਸਾਰੀ, ਇਹ ਪੱਛੜਿਆ ਹੋਇਆ ਜਗਤ, ਇਹ ਸੁੱਤੇ ਹੋਏ ਲੋਕ ਵੱਟੇ ਮਾਰਨਗੇ, ਪੱਥਰ ਮਾਰਨਗੇ,

ਸੂਲੀ ਤੇ ਲਟਕਾਉਣਗੇ, ਇਹ ਲੋਕ ਤੱਤੀ ਤਵੀ ਤੇ ਬਿਠਾਲਣਗੇ, ਦੀਵਾਰਾਂ ਵਿਚ ਚਿਣ ਦੇਣਗੇ, ਤੋ ਉਹ ਨਹੀਂ ਬੋਲਦੇ । ਉਹ ਸੂਲੀ ਤੇ ਚੜ੍ਹਨੋਂ, ਤੱਤੀ ਤਵੀ ਤੇ ਬੈਠਣ ਤੋਂ ਬਚੇ ਰਹਿੰਦੇ ਨੇ । ਪਰ ਜਿਨ੍ਹਾਂ ਨੇ ਦ੍ਰਿੜ੍ਹ ਇਰਾਦਾ ਕੀਤਾ ਹੁੰਦਾ ਹੈ, ਉਨ੍ਹਾਂ ਪੱਥਰ ਖਾ ਕੇ ਵੀ ਬੋਲਣਾ ਹੈ, ਤੱਤੀ ਤਵੀ ਤੇ ਬੈਠ ਕੇ ਵੀ ਬੋਲਣਾ ਹੈ, ਦੀਵਾਰਾਂ ਵਿਚ ਚਿਣੇ ਜਾਣ ਤੇ ਵੀ ਬੋਲਣਾ ਹੈ, ਕਿਉਂਕਿ ਉਹਨਾਂ ਵਿੱਚੋਂ ਸ਼ਾਇਦ ਕੋਈ ਇਕ-ਅੱਧ ਸਮਝਣ ਵਾਲਾ ਵੀ ਹੋਵੇ ।ਔਰ ਹਮੇਸ਼ਾ ਇਸ ਕਿਸਮ ਦੇ ਪੁਰਸ਼ ਕਿਸੇ ਇਕ-ਅੱਧ ਪੁਰਸ਼ ਲਈ ਬੋਲਦੇ ਨੇ । ਬੋਲਦੇ ਭਾਵੇਂ ਸਮੂਹ ਵਿਚ ਨੇ, ਲਾਭ ਕਿਸੇ ਇਕ-ਅੱਧ ਨੂੰ ਹੁੰਦਾ ਹੈ । ਅਗਰ ਇਸ ਤਰ੍ਹਾਂ ਦੇ ਅਵਤਾਰੀ ਪੁਰਸ਼ ਸੰਤਾਂ ਦੀ ਤਰ੍ਹਾਂ, ਜੋ ਪਹੁੰਚੇ ਹੋਏ ਨੇ, ਚੁੱਪ ਕਰ ਜਾਣ ਤਾਂ ਜੋ ਇਕ-ਅੱਧ ਪਹੁੰਚ ਸਕਦਾ ਸੀ, ਉਹ ਵੀ ਨਹੀਂ ਪਹੁੰਚੇਗਾ । ਇਸ ਤਰ੍ਹਾਂ ਦੇ ਮਹਾਨ ਅਵਤਾਰੀ ਪੁਰਸ਼ ਕਿਸੇ ਇਕ-ਅੱਧ ਲਈ ਬੋਲਦੇ ਰਹੇ ਨੇ ਔਰ ਉਹ ਇਕ-ਅੱਧ ਮਨੁੱਖ ਪਹੁੰਚ ਜਾਂਦਾ ਹੈ । ਸਿਰਫ਼ ਉਨ੍ਹਾਂ ਅਵਤਾਰਾਂ ਦਾ ਸਦਕਾ ਜੋ ਪੱਥਰ ਖਾ ਕੇ, ਤੱਤੀ ਤਵੀ ਤੇ ਬੈਠ ਕੇ, ਬੰਦ ਬੰਦ ਕਟਵਾ ਕੇ ਵੀ ਬੋਲੇ, ਦੀਵਾਰਾਂ ਵਿਚ ਚਿਣੇ ਜਾਣ ਤੇ ਵੀ ਬੋਲੇ, ਸੂਲੀ ਤੇ ਲਟਕ ਕੇ ਵੀ ਬੋਲੇ ਔਰ ਚਾਂਦਨੀ ਚੌਕ ਦਿੱਲੀ ਵਿਚ ਸ਼ਹੀਦ ਹੋ ਕੇ ਵੀ ਬੋਲੇ । ਇਹ ਸੰਤ ਤਿੰਨ ਕੋਟੀਆਂ ਦੇ ਵਿਚ ਆ ਜਾਂਦੇ ਨੇ - ਪ੍ਰਥਮ, ਦੁਇਮ ਤੇ ਸੋਮ, ਭਾਵ ਪਹਿਲਾ, ਦੂਜਾ ਤੇ ਤੀਜ਼ਾ ਦਰਜਾ । ਇਹ ਸੰਤ ਸਿਖਰ ਤੇ ਪਹੁੰਚੇ ਹੁੰਦੇ ਨੇ, ਬੁਲੰਦੀਆਂ ਤੇ ਹੁੰਦੇ ਨੇ, ਪੂਰਨ ਸੂਰਜ ਹੋ ਗਏ ਹੁੰਦੇ ਨੇ, ਇਹ ਪੂਰਨ ਸਾਗਰ ਹੋ ਗਏ ਹੁੰਦੇ ਨੇ, ਜਿਸ ਨੂੰ ਗੁਰਬਾਣੀ ਇੰਜ ਬਿਆਨ ਕਰਦੀ ਹੈ :

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥

ਜੋਤੀ ਜੋਤੀ ਰਲੀ ਸੰਪੂਰਨੁ ਥੀਆ ਰਾਮ ॥ (ਬਿਲਾਵਲੁ ਮ: ੫, ਪੰਨਾ ੮੪੬)

ਇਹ ਸੰਤ ਉਹ ਨੇ, ਜੋ ਪੂਰਨ ਹੋ ਗਏ ਨੇ ; ਇਹ ਉਹ ਚਿੰਗਾਰੀ ਹੈ, ਜੋ ਸੂਰਜ ਹੋ ਗਈ; ਇਹ ਉਹ ਬੂੰਦ ਹੈ, ਜੋ ਸਾਗਰ ਹੋ ਗਈ । ਜੋ ਰਸਤੇ ਵਿਚ ਹੈ, ਉਹ ਸਾਧੂ ਹੈ; ਜੋ ਚੱਲਣ ਦੀ ਜਗਿਆਸਾ ਪੈਦਾ ਕਰ ਚੁੱਕਿਆ ਹੈ, ਜਗਿਆਸੂ ਹੈ । ਔਰ ਜਿਸਦੇ ਅੰਦਰ ਚੱਲਣ ਦੀ ਜਗਿਆਸਾ ਹੀ ਅਜੇ ਪੈਦਾ ਨਹੀਂ ਹੋਈ, ਬਸ ਉਹ ਹੀ ਸੰਸਾਰੀ ਹੈ । ਸੰਸਾਰੀਆਂ ਦੀ ਬਹੁਤ ਵੱਡੀ ਭੀੜ ਹੈ । ਇਨ੍ਹਾਂ ਵਿਚ ਕੋਈ ਇਕ-ਅੱਧ ਜਗਿਆਸੂ ਹੈ ।ਜਗਿਆਸੂਆਂ ਦੀ ਵੀ ਬਹੁਤ ਵੱਡੀ ਭੀੜ ਹੈ, ਇਨ੍ਹਾਂ ਵਿਚ ਵੀ ਕੋਈ ਇਕ-ਅੱਧ ਸਾਧੂ ਹੈ, ਤੇ ਸਾਧੂਆਂ ਦੀ ਵੀ ਬਾਕਾਇਦਾ ਜਗਤ ਵਿਚ ਛੋਟੀ ਜਿਹੀ ਭੀੜ ਹੈ, ਪਰ ਸਮੁੱਚੇ ਜਗਤ ਵਿਚ ਇਕ-ਅੱਧ ਹੀ ਸੰਤ ਹੈ, ਜੋ ਪਹੁੰਚਿਆ ਹੋਇਆ ਹੈ । ਔਰ ਐਸੇ ਪਹੁੰਚੇ ਹੋਏ ਕਈ ਦਫ਼ਾ ਕਹਿ ਉਠਦੇ ਨੇ ਕਿ ਅਸੀਂ ਸਾਗਰ ਹੋ ਗਏ ਹਾਂ :

ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥ (ਸੋਰਠਿ ਮ:੯,ਪੰਨਾ ੬੩੩)

ਐਸੇ ਸੰਤ ਇਸ ਤਰ੍ਹਾਂ ਵੀ ਕਹਿ ਦਿੰਦੇ ਨੇ :

ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥

ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥ (ਰਾਮਕਲੀ ਕਬੀਰ ਜੀ, ਪੰਨਾ ੯੬੯)

ਹਰ ਇਕ ਦੀ ਮੰਜ਼ਿਲ ਰਾਮ ਹੈ, ਖ਼ੁਦਾ ਹੈ, ਵਾਹਿਗੁਰੂ ਹੈ ਔਰ ਜਦ ਕੋਈ ਪਹੁੰਚ ਜਾਂਦਾ ਹੈ, ਗੁਰਮਤਿ ਵਿਚ ਕਹਿੰਦੇ ਨੇ ਖ਼ਾਲਸਾ; ਪ੍ਰਾਚੀਨ ਸੰਸਕ੍ਰਿਤ ਭਾਸ਼ਾ ਵਿਚ ਕਹਿੰਦੇ ਨੇ ਸੰਤ । ਮਾਂ-ਬਾਪ ਦੇ ਸਰੀਰ ਵਿਚ ਜੋ ਤੱਤ ਹੈ, ਉਹ ਸੁਤ ਹੈ, ਪਰ ਸਤਿ ਦਾ ਜੋ ਤੱਤ ਹੈ, ਉਹ ਸੰਤ ਹੈ, ਜਿਸਦੇ ਰੋਮ ਰੋਮ ਵਿੱਚੋਂ ਸਤਿ ਨਿਕਲਦਾ ਹੈ । ਜਿਸਦਾ ਵੇਖਣਾ ਸਤਿ, ਜਿਸਦਾ ਸੁਣਨਾ ਸਤਿ, ਜਿਸਦਾ ਬੋਲਣਾ ਸਤਿ, ਜਿਸਦਾ ਸੋਚਣਾ ਸਤਿ, ਜਿਸਦਾ ਜੀਵਣਾ ਸਤਿ, ਜਿਸਦਾ ਜਨਮ ਸਤਿ, ਜਿਸਦਾ ਮਰਨ ਸਤਿ - ਉਹ ਸੰਤ ਹੈ । ਸੰਤ ਕਹਿਲਾਣ ਵਾਲੇ ਤਾਂ ਬਹੁਤ ਨੇ, ਪਰ ਅਸਲੀ ਸੰਤ ਕੋਈ ਕੋਈ ਹੈ । ਕੋਈ ਇਕ-ਅੱਧ ਹੀ ਹੈ, ਜਿਸ ਨੂੰ ਅਸੀਂ ਸੰਤ ਕਹਿ ਸਕਦੇ ਹਾਂ । ਸੰਤ ਤੇ ਰਾਮ ਵਿਚ ਜ਼ਰਾ ਜਿੰਨਾ ਵੀ ਭੇਦ ਨਹੀਂ ਹੈ : "ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥"

ਸੰਤ ਕਾ ਸੰਗੁ ਵਡਭਾਗੀ ਪਾਈਐ ॥ (ਗਉੜੀ ਸੁਖਮਨੀ ਮ: ੫, ਪੰਨਾ ੨੬੫)

ਐਸੇ ਸੰਤ ਦਾ ਸੰਗ, ਕਦੀ ਕਦਾਈਂ ਭਾਗਾਂ ਅਨੁਸਾਰ ਨਸੀਬ ਹੁੰਦਾ ਹੈ ।

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥ (ਗਉੜੀ ਮ:੫, ਪੰਨਾ੨੦੪)

ਜਨਮਾਂ-ਜਨਮਾਂਤਰਾਂ ਦੀ ਸੁੱਤੀ ਹੋਈ ਚੇਤਨਾ ਜਾਗ ਪਈ ਹੈ, ਕਿਉਂਕਿ ਰਸ ਨਾਲ ਭਰਿਆ ਹੋਇਆ ਜਗਤ ਦਾ ਕੋਈ ਐਸਾ ਬੈਰਾਗੀ, ਪੂਰਨ ਤੌਰ ਤੇ ਜਾਗਿਆ ਹੋਇਆ, ਉਸ ਦੀ ਭੇਟ ਨਸੀਬ ਹੋ ਗਈ, ਉਸਦੇ ਦੀਦਾਰ ਨਸੀਬ ਹੋ ਗਏ, ਉਸਦਾ ਮਿਲਣਾ ਨਸੀਬ ਹੋ ਗਿਆ । ਇਸ ਤਰ੍ਹਾਂ ਪੂਰਨ ਤੌਰ ਤੇ ਸੁੱਤੀ ਹੋਈ ਚੇਤਨਾ, ਪੂਰਨ ਤੌਰ ਤੇ ਜਾਗ ਪਈ ।

ਸੰਤ ਦੇ ਵੀ ਲੱਛਣ ਹੁੰਦੇ ਨੇ, ਸੰਤ ਦਾ ਕੁਛ ਸੁਭਾਅ ਹੁੰਦਾ ਹੈ ਔਰ ਸੰਤ ਦਾ ਸੁਭਾਅ ਉਹ ਹੀ ਹੁੰਦਾ ਹੈ, ਜੋ ਪਰਮਾਤਮਾ ਦਾ ਸੁਭਾਅ ਹੁੰਦਾ ਹੈ । ਪਰਮਾਤਮਾ ਸਾਰਿਆਂ ਦਾ ਇਕ ਹੈ ਔਰ ਉਸ ਦੀ ਦ੍ਰਿਸ਼ਟੀ ਵਿਚ ਸਾਰੇ ਇਕ ਨੇ, ਸੰਤ ਦੀ ਦ੍ਰਿਸ਼ਟੀ ਵਿਚ ਵੀ ਸਾਰੇ ਇਕ ਨੇ । ਪਰਮਾਤਮਾ ਪ੍ਰੇਮ ਦਾ ਸਾਗਰ ਹੈ, ਸੰਤ ਵੀ ਪ੍ਰੇਮ ਦਾ ਸਾਗਰ ਹੈ । ਪਰਮਾਤਮਾ ਨਿਰਵੈਰ ਹੈ, ਨਿਰਭੈ ਹੈ; ਸੰਤ ਵੀ ਨਿਰਭੈ ਅਤੇ ਨਿਰਵੈਰ ਹੁੰਦਾ ਹੈ, ਵੈਰ ਤੋਂ ਰਹਿਤ ਹੁੰਦਾ ਹੈ । ਪਰਮਾਤਮਾ ਰਸ ਦਾ ਸਾਗਰ ਹੈ, ਆਨੰਦ ਦਾ ਸੋਮਾ ਹੈ; ਸੰਤ ਵੀ ਆਨੰਦ ਦਾ ਸੋਮਾ ਹੈ, ਸੰਤ ਵੀ ਰਸ ਦਾ ਸਾਗਰ ਹੈ । ਪਰਮਾਤਮਾ ਰਸ ਦਾ ਦਾਤਾ ਹੈ, ਭਿਖਾਰੀ ਨਹੀਂ; ਸੰਤ ਵੀ ਦਾਤਾ ਹੈ।

ਓਇ ਦਾਤੇ ਦੁਖ ਕਾਟਨਹਾਰ ॥ (ਗਉੜੀ ਮ: ੫, ਪੰਨਾ ੨੯੫)

ਉਹ ਤਾਂ ਦੁਖਾਂ ਨੂੰ ਕੱਟਣ ਵਾਲੇ ਹੁੰਦੇ ਨੇ, ਉਹ ਸੁਖਾਂ ਦੇ ਦੇਣ ਵਾਲੇ ਹੁੰਦੇ ਨੇ, ਉਹ ਵੀ ਦਾਤੇ ਹੁੰਦੇ ਨੇ। ਪਰਮਾਤਮਾ ਜਨਮ ਤੇ ਮਰਨ ਵਿਚ ਨਹੀਂ ਹੈ, ਸੰਤ ਵੀ ਜਨਮ-ਮਰਨ ਤੋਂ ਰਹਿਤ ਹੈ :

ਜਨਮ ਮਰਨ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥ (ਸੂਹੀ ਮ:੫, ਪੰਨਾ ੭੪੯)

ਪਰਮਾਤਮਾ ਦੀ ਮਹਿਮਾ ਬਿਆਨ ਨਹੀਂ ਕੀਤੀ ਜਾ ਸਕਦੀ, ਕਿਉਂਕਿ ਪਰਮਾਤਮਾ ਸੰਤ ਹੈ, ਸੰਤ ਪਰਮਾਤਮਾ ਹੈ । ਸਾਗਰ ਬੂੰਦ ਹੈ, ਬੂੰਦ ਸਾਗਰ ਹੈ, ਅਗਰ ਬੂੰਦ ਸਾਗਰ ਵਿਚ ਲੀਨ ਹੋ ਜਾਏ, ਇਹ ਸਾਰਥਕ ਪੰਕਤੀ ਮੈਂ ਫਿਰ ਦੁਹਰਾਵਾਂ :

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ । ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥

ਧੰਨਵਾਦਿ ਸਹਿਤ

ਪੁਸਤਕ- ਰਸ-ਧਾਰਾ ਵਿਚੋਂ

## Health - Good Health ??

**-Dr. Devinder Garg**

A healthy disease free person may not understand the value of health. Health is like your munny (maid servant) you know it's worth only when you lose it. Health is not a commodity which can be purchased from the market. It has to be attained and maintained by your own efforts. Health is a very vast subject can't be covered in an article. In to-day's article I shall give only an overview to maintain good health. To have good health, two major factors come into play.

(1) Healthy Balanced Diet (2) Exercise

In diet say big No. to ALCOHOL AND SMOKING two serious factors for causing a plethora of diseases. Also : take less of salt, less of fats and less of colas (aerated drinks). Healthy normal diet includes simple homely food, green vegetables, fruit, milk, lassi etc. it never means to go for very costly items. Nuts are very good to lower cholesterol & avoiding heart disease. Diet has to be tailor made for a patient of Diabetes (sugar) heart and kidney disease.

Obesity:- Obesity has emerged itself as a big disease. Obese people are sick people, they can't carry their own weight properly they get out of breath even walking a few steps. Obesity gives rise to High Blood Pressure, High Blood Cholesterol, Heart Disease, Diabetes, Kidney disease, Joint Problems, Breathing Problems, Metabolic Syndrome, Sterility even sudden cardiac death. These are in brief but these diseases have further ramifications.

Let your child play outdoors instead of watching T.V. & playing video games. Make your child active encouraging him to drive a bicycle instead of a vehicle. Addiction to T.V., Mobile, Computer and Colas surely makes him over weight and obese. It would not be easy for him to come to proper shape once he becomes couch potato.

Walking is the best exercise for everyone, child, adult, elderly, male, female even every patient is asked to walk daily at least for forty minutes. This simple walking is a blessing for everyone. It can kep you healthy and in a fit form.

Dr. Devinder Garg
# 3127, Sector 40D, Chd. M: 9815931819

## ਰਾਗ ਆਸਾਵਰੀ

ਪ੍ਰੋ. ਜਸਵਿੰਦਰ ਸਿੰਘ
98141-85854,
98723-98403

ਥਾਟ – ਆਸਾਵਰੀ ਸੁਰ – ਗੰਧਾਰ ਧੈਵਤ ਨਿਸ਼ਾਦ ਕੋਮਲ ਬਾਕੀ ਸ਼ੁਧ

ਵਰਜਿਤ ਸੁਰ – ਆਰੋਹ ਵਿੱਚ ਗੰਧਾਰ ਤੇ ਨਿਸ਼ਾਦ ਜਾਤੀ – ਔੜਵ ਸੰਪੂਰਨ

ਵਾਦੀ – ਧੈਵਤ ਸੰਵਾਦੀ – ਗੰਧਾਰ ਸਮਾਂ – ਦਿਨ ਦਾ ਪਹਿਲਾ ਪਹਿਰ

ਆਰੋਹ– ਸ, ਰੇ ਮ ਪ, ਧੁ ਸਂ । ਅਵਰੋਹ– ਸਂ, ਨੁੀ ਧੁ, ਪ, ਮਪ, ਗੁ, ਰੇ ਸ ।

ਪਕੜ– ਮ ਪ ਧੁ, ਮ ਪ, ਗੁ, ਰੇ ਸ ।

### ਰਾਗ ਆਸਾਵਰੀ – ਤਿੰਨ ਤਾਲ ਮੱਧ ਲੈਅ

| ਤਾਲ | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|---|
| ਚਿੰਨ੍ਹ | x | | | | 2 | | | | 0 | | | | 3 | | | |
| ਸਥਾਈ | | | | | | | | | ਪ | ਸਂ | ਨੁੀ | ਸਂ | ਧੁ | ਮ | ਪਧੁ | ਮਪ |
| | | | | | | | | | ਹਉ | ਅਨ | ਦਿ | ਨ | ਹ | ਰਿ | ਨਾS | Sਮ |
| | ਗੁ | ਰੇ | ਮ | ਮ | ਧੁ | ਮ | ਪ | – | ਪ | ਮ | ਪਧੁ | ਮਪ | ਗੁ | ਗੁ | ਰੇ | ਰੇ |
| | ਕੀ | ਰ | ਤ | ਨ | ਕ | ਰਉ | S | S | ਸ | ਤਿ | ਗੁS | ਰS | ਮੋ | ਕਉ | ਹ | ਰਿ |
| | ਗੁ | ਰੇ | ਗੁ | ਸ | ਰੇ | .ਨੁੀ | ਸ | ਸ | ਰੇ | ਰੇ | ਮ | ਮ | ਪ | ਪ | ਧੁ | ਸਂ |
| | ਨਾ | S | ਮ | ਬ | ਤਾ | S | ਇਆ | S | ਹਉ | ਹਰਿ | ਬਿ | ਨ | ਖਿ | ਨ | ਪ | ਲ |
| | ਧੁ | ਮ | ਪ | ਪ | ਗੁ | ਗੁ | ਰੇ | ਸ | | | | | | | | |
| | ਰ | ਹਿ | ਨ | ਸ | ਕਉ | S | S | S | | | | | | | | |
| ਅੰਤਰਾ | | | | | | | | | ਮ | ਮ | ਪ | ਪ | ਧੁ | ਧੁ | ਪ | ਧੁ |
| | | | | | | | | | ਹ | ਮ | ਰੈ | ਸ੍ਰ | ਵ | ਣ | ਸਿ | ਮ |
| | ਸਂ | ਸਂ | ਸਂ | ਸਂ | ਰੇਂ | ਨੁੀ | ਸਂ | ਸਂ | ਰੇਂ | ਰੇਂ | ਰੇਂ | ਰੇਂ | ਗੁਂਰੇਂ | ਗੁਂ | ਸਂ | ਸਂ |
| | ਰ | ਨ | ਹ | ਰਿ | ਕੀ | ਰ | ਤ | ਨ | ਹਉ | ਹਰਿ | ਬਿ | ਨ | ਰS | ਹਿ | ਨ | ਸ |
| | ਧੁ | ਮ | ਪ | ਪ | ਗੁ | ਗੁ | ਰੇ | ਸ | | | | | | | | |
| | ਕਉ | S | ਹਉ | S | ਇ | ਕ | ਖਿ | ਨ | | | | | | | | |

ਰਾਗੁ ਆਸਾਵਰੀ ਘਰੁ ੧੬ ਕੇ ੨ ਮਹਲਾ ੪ ਸੁਧੰਗ ੴ ਸਤਿਗੁਰ ਪ੍ਰਸਾਦਿ ॥

ਹਉ ਅਨਦਿਨੁ ਹਰਿ ਨਾਮੁ ਕੀਰਤਨੁ ਕਰਉ ॥ ਸਤਿਗੁਰਿ ਮੋ ਕਉ ਹਰਿ ਨਾਮੁ ਬਤਾਇਆ ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ॥੧॥ ਰਹਾਉ ॥ ਹਮਰੈ ਸ੍ਰਵਣੁ ਸਿਮਰਨੁ ਹਰਿ ਕੀਰਤਨੁ ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨੁ ॥ ਜੈਸੇ ਹੰਸੁ ਸਰਵਰ ਬਿਨੁ ਰਹਿ ਨ ਸਕੈ ਤੈਸੇ ਹਰਿ ਜਨੁ ਕਿਉ ਰਹੈ ਹਰਿ ਸੇਵਾ ਬਿਨੁ ॥੧॥ ਕਿਨਹੂੰ ਪ੍ਰੀਤਿ ਲਾਈ ਦੂਜਾ ਭਾਉ ਰਿਦ ਧਾਰਿ ਕਿਨਹੂੰ ਪ੍ਰੀਤਿ ਲਾਈ ਮੋਹ ਅਪਮਾਨ ॥ ਹਰਿ ਜਨ ਪ੍ਰੀਤਿ ਲਾਈ ਹਰਿ ਨਿਰਬਾਣ ਪਦ ਨਾਨਕ ਸਿਮਰਤ ਹਰਿ ਹਰਿ ਭਗਵਾਨ ॥੨॥੧੪॥੬੬॥

ਅਰਥ:- (ਹੇ ਭਾਈ ! ਜਦੋਂ ਦੀ) ਗੁਰੂ ਨੇ ਮੈਨੂੰ ਪਰਮਾਤਮਾ ਦੇ ਨਾਮ ਦੀ ਦੱਸ ਪਾਈ ਹੈ (ਤਦੋਂ ਤੋਂ) ਮੈਂ ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾ ਇਕ ਘੜੀ ਪਲ ਭੀ ਨਹੀਂ ਰਹਿ ਸਕਦਾ । ਮੈਂ ਹਰ ਵੇਲੇ ਪਰਮਾਤਮਾ ਦਾ ਨਾਮ ਜਪਦਾ ਹਾਂ, ਮੈਂ ਹਰ ਵੇਲੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰਦਾ ਹਾਂ ।੧। ਰਹਾਉ। (ਹੇ ਭਾਈ !) ਮੇਰੇ ਪਾਸ ਪਰਮਾਤਮਾ ਦੀ ਸਿਫ਼ਤਿ-ਸਾਲਾਹ ਸੁਣਨੀ ਤੇ ਪਰਮਾਤਮਾ ਦਾ ਨਾਮ ਜਪਣਾ ਹੀ (ਰਾਸਪੂੰਜੀ) ਹੈ, ਪਰਮਾਤਮਾ ਦਾ ਨਾਮ ਜਪਣ ਤੋਂ ਬਿਨਾ ਮੈਂ ਇਕ ਪਲ ਭੀ ਨਹੀਂ ਰਹਿ ਸਕਦਾ । ਜਿਵੇਂ ਹੰਸ ਸਰੋਵਰ ਤੋਂ ਬਿਨਾ ਨਹੀਂ ਰਹਿ ਸਕਦਾ ਤਿਵੇਂ ਪਰਮਾਤਮਾ ਦਾ ਭਗਤ ਪਰਮਾਤਮਾ ਦੀ ਸੇਵਾ-ਭਗਤੀ ਤੋਂ ਬਿਨਾ ਨਹੀਂ ਰਹਿ ਸਕਦਾ ।੧। (ਹੇ ਭਾਈ !) ਕਿਸੇ ਮਨੁੱਖ ਨੇ ਮਾਇਆ ਦਾ ਪਿਆਰ ਹਿਰਦੇ ਵਿਚ ਟਿਕਾ ਕੇ ਮਾਇਆ ਨਾਲ ਪ੍ਰੀਤ ਜੋੜੀ ਹੋਈ ਹੈ, ਕਿਸੇ ਨੇ ਮੋਹ ਤੇ ਅਹੰਕਾਰ ਨਾਲ ਪ੍ਰੀਤ ਜੋੜੀ ਹੋਈ ਹੈ, ਪਰ ਹੇ ਨਾਨਕ ! ਪਰਮਾਤਮਾ ਦੇ ਭਗਤਾਂ ਨੇ ਪਰਮਾਤਮਾ ਨਾਲ ਪ੍ਰੀਤ ਲਾਈ ਹੋਈ ਹੈ । ਉਹ ਸਦਾ ਵਾਸ਼ਨਾ-ਰਹਿਤ ਅਵਸਥਾ ਮਾਣਦੇ ਹਨ, ਉਹ ਸਦਾ ਹਰਿ- ਭਗਵਾਨ ਨੂੰ ਸਿਮਰਦੇ ਰਹਿੰਦੇ ਹਨ ।੨।੧੪।੬੬।

## ਅਪ੍ਰੈਲ 2015 ਮਹੀਨੇ ਦੇ ਸਮਾਗਮ :-

"ਖਾਲਸੇ ਦਾ 316 ਵਾਂ ਸਾਜਨਾ ਦਿਵਸ" ਮਿਤੀ 14 ਅਪ੍ਰੈਲ 2015 ਨੂੰ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾ ਰੋਡ, ਮੁੰਡੀ ਖਰੜ ਵਿਖੇ ਬੜੇ ਪਿਆਰ, ਸ਼ਰਧਾ ਅਤੇ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ।

## ਪ੍ਰੋਗਰਾਮ

### ਸਵੇਰੇ 8.00 ਤੋਂ 10.00 ਵਜੇ ਤੱਕ

| | |
|---|---|
| ਸਮਾਪਤੀ ਸ੍ਰੀ ਅਖੰਡ ਪਾਠ ਸਾਹਿਬ ਜੀ | 8.00 ਵਜੇ |
| ਕੀਰਤਨ | 8.00 ਤੋਂ 9.00 ਵਜੇ ਤੱਕ |

**ਉਪ੍ਰੰਤ ਅਰਦਾਸ ਸਮਾਪਤੀ ਚਾਹ ਦਾ ਲੰਗਰ**

### ਸ਼ਾਮ 7.00 ਤੋਂ 9.00 ਵਜੇ ਤੱਕ

| | |
|---|---|
| ਪਾਠ ਸੋ ਦਰ ਰਹਿਰਾਸ | 7.00 ਤੋਂ 7.30 ਵਜੇ ਤੱਕ |
| ਕੀਰਤਨ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ | 7.30 ਤੋਂ 8.15 ਵਜੇ ਤੱਕ |
| **ਕਥਾ ਵੈਸਾਖ ਮਹੀਨੇ ਦੀ** | 8.15 ਤੋਂ 8.45 ਵਜੇ ਤੱਕ |
| ਗੁਰਮਤਿ ਵਿਚਾਰਾ ਪ੍ਰਿੰ.ਨਰਿੰਦਰ ਬੀਰ ਸਿੰਘ | 8.45 ਤੋਂ 9.00 ਵਜੇ ਤੱਕ |

**ਉਪ੍ਰੰਤ ਅਰਦਾਸ ਸਮਾਪਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ**

# ਗਤੀਵਿਧੀਆਂ

## ਨਾਨਕਸ਼ਾਹੀ ਜੰਤਰੀ ਅਨੁਸਾਰ ਚੇਤ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 14-3-2015 ਦਿਨ ਸ਼ਨੀਰਵਾਰ ਨੂੰ ਸ਼ਾਮ 6.00 ਤੋਂ 9.00 ਵਜੇ ਤੱਕ **"ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ"** ।।ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟਿਚਿਊਟ ਦੇ ਵਿਦਿਆਰਥੀਆਂ ਨੇ ਕੀਰਤਨ ਕਥਾ ਰਾਹੀਂ ਸੇਵਾ ਨਿਭਾਈ । ।ਉਪ੍ਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ ।

**ਸ.ਮਨਜੀਤ ਸਿੰਘ U.S.A. ਵਾਲੇ** :- ਸ.ਮਨਜੀਤ ਸਿੰਘ U.S.A. ਵਾਲੇ ਜਿਨ੍ਹਾ ਨੇ ਗੁਰਮਤਿ ਸੰਗੀਤ ਤੇ ਵਿਸ਼ੇਸ਼ ਖੋਜ ਕੀਤੀ ਹੈ । ਗੁਰਮਤਿ ਪ੍ਰਸਾਰ ਭਵਨ ਵਿਖੇ ਮਿਤੀ ੭-੩-੨੦੧੫ ਨੂੰ ਆਏ। ਉਹਨਾਂ ਨੇ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਤੇ ਸੰਗਤ ਨੂੰ ਆਪਣੀ ਗੁਰਮਤਿ ਸੰਗੀਤ ਪ੍ਰਤੀ ਖੋਜ ਤੋ ਜਾਣੂ ਕਰਵਾਇਆਂ ।ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜਨਰਲ ਸਕੱਤਰ ਨੇ ਸ.ਮਨਜੀਤ ਸਿੰਘ ਦਾ ਧੰਨਵਾਦਿ ਕੀਤਾ ਤੇ ਸੋਸਾਇਟੀ ਵਲੋਂ ਸਿਰਪਾਓ ਤੇ ਮਮੈਂਨਟੋ ਭੇਟ ਕੀਤਾ । ਵਿਦਿਆਰਥੀਆਂ ਅਤੇ ਹੋਰ ਸੰਗਤਾਂ ਨੇ ਉਨ੍ਹਾਂ ਦੀ ਖੋਜ ਤੋਂ ਭਰਵਾ ਗਿਆਨ ਪ੍ਰਾਪਤ ਕੀਤਾ।













**ਹੋਲਾ ਮਹੱਲਾ:-** ਮਿਤੀ 5-3-2015 ਨੂੰ ਹੋਲਾ ਮਹੱਲਾ ਦੇ ਦਿਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਸੈਕਟਰ 22,ਚੰਡੀਗੜ ਵਿਖੇ ਵਿਸ਼ੇਸ਼ ਸਮਾਗਮ ਕਰਵਾਏ ਗਏ ਜਿਸ ਵਿੱਚ ਵੱਖ-ਵੱਖ ਖੇਡਾਂ ਖੇਡ ਕੇ ਹੋਲਾ ਮਹੱਲਾ ਪੁਰਾਤਨ ਢੰਗ ਨਾਲ ਮਨਾਇਆ ਗਿਆ। ਜਿਸ ਵਿੱਚ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੇ ਵਿਦਿਆਰਥੀਆਂ ਤੇ ਗੱਤਕੇ ਦੀ ਟੀਮ ਨੇ ਹਿੱਸਾ ਲਿਆ ਸੰਗਤਾ ਨੇ ਗੱਤਕਾ ਟੀਮ ਦੀ ਵਿਸ਼ੇਸ਼ ਤੌਰ ਤੇ ਪ੍ਰਸੰਸ਼ਾਂ ਕੀਤੀ।










# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

HELP NEEDY

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਮਾਰਚ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| Sr. No. | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 102 | 166 | 268 |
| 2 | Eye | 25 | 35 | 60 |
| 3 | Cardiology | 16 | 51 | 67 |
| 4 | Dental | 13 | 27 | 40 |
| 5 | Gynaecology | 20 | 41 | 61 |
| 6 | Homoeopathy | 39 | 246 | 285 |
| | **Total** | **215** | **566** | **781** |
| | Laboratory | 68 | - | 68 |

## ਧੰਨਵਾਦਿ :

## ਮਾਰਚ 2015 ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:-

| | | |
|---|---|---|
| 1. | S. Charanjit Singh #2634/1/Sec.47c/Chd | 2100/- |
| 2. | Bibi Gurdeep Kaur w/o H.P.S. Bhatia/44A | 15,000/- |
| 3. | S. Simranjit Singh #461/Sec.44A/ Chd | 15,000/- |
| 4. | Dr.Harpreet Kaur & Friends #461/44A | 15,000/- |
| 5. | S. Manjit Singh #143/1 /Sec. 45A/Chd | 1100/- |
| 6. | Bibi Harbans Kaur #1443/Sec34C/Chd | 1100/- |
| 7. | Bibi Manjit Kaur Bindra #1655/34D/Chd | 2000/- |
| 8. | Bibi Harsharan Kaur Sethi #1440/34C | 2000/- |
| 9. | S. Inderjit Singh Grover #3525 /38D | 1100/- |
| 10. | Dr. Daljit Kaur #1600/Sec. 34D/ Chd | 5100/- |
| 11. | Dr. Daljit Kaur #1549(FF)/Sec. 34D/ Chd | 1200/- |
| 12. | Bibi Manjit Kaur #1368/Sec 34C/Chd | 1,100/- |
| 13. | S. Manjit Singh Bhalla #469/Ph6/Mohali | 2,000/- |
| 14. | S. Gurdeep Singh #119/Phase 6/Mohali | 2,000/- |
| 15. | Bibi Surjit Kaur #1444/Sec 34C/Chd | 16,000/- |
| 16. | S. Narinder Bir Singh #1444/34C/Chd | 16,000/- |
| 17. | Gurmukh Pariwar | 15,000/- |
| 18. | Gurmukh Pariwar | 15,000/- |
| 19. | S. Gurbachan Singh #4726/Sec. 70 | 15,000/- |
| 20. | S. D.P Singh #393/Phase 9/Mohali | 12,000/- |
| 21. | S. Dhanwant Singh #447/Phase 4/Mohali | 500/- |
| 22. | All Indian Sikh Federation(Regd.) N.Delhi | 21,000/- |
| 23. | S. G.S. Bhalla#1014/49A/Rajdhani Apptts. | 2,100/ |
| 24. | Bibi Parminder Kaur #416/3BI/Mohali | 12,000/- |
| 25. | Sewak Charitable Trust(Regd.) Chd | 15,000/- |
| 26. | Gurmukh Pariwar | 9,000/- |
| 27. | Col. H.S Uppal #306/Sec 33A/Chd | 30,000/- |
| 28. | S. Amarjit Singh / Mundi Kharar | 200/- |
| 29. | Dr. Satwant Singh Aastha Enclave Kharar | 100/- |
| 30. | S. Rakhshpal Singh / Mundi Kharar | 100/- |
| 31. | S. Jagjit Singh / Mundi Kharar | 100/- |
| 32. | S. Hari Singh / Mundi Kharar | 100/- |
| 33. | S. Navpreet Singh / Mundi Kharar | 100/- |
| 34. | S. Prabhjot Singh / Mundi Kharar | 250/- |
| 35. | Bibi Harmeet Kaur / Mundi Kharar | 100/- |
| 36. | S. Sukhdev Singh / Mundi Kharar | 100/- |
| 37. | S. Harjinder Singh / Mundi Kharar | 100/- |
| 38. | Satkar Properties / Mundi Kharar | 500/- |
| 39. | S.Devinder Singh / Mundi Kharar | 100/ |
| 40. | S. S.S. Sahi #1856/Sec 34D/Chd | 10,000/- |
| 41. | S. Deep Singh/ Phase 7/Mohali | 500/- |
| 42. | Mr. Raj Kumar/ c/o Dr. Chabhra | 100/- |
| 43. | Bibi. Rajleen Kaur #836/Phase II/Mohali | 500/- |
| 44. | Bibi. Harleen Kaur #107G, Naya Goan | 500/- |
| 45. | Bibi. Harpreet Kaur #461/Sec. 44A/Chd. | 500/- |
| 46. | Bibi. Gurdeep Kaur #461/Sec. 44A/Chd. | 500/- |
| 47. | Bibi. Parsin Kaur #459/Sec. 44A/Chd. | 500/- |
| 48. | S. Mohinder Singh #3411/Sec.49D/Chd | 200/- |
| 49. | S. Surinder Singh/ House-fed/Mohali | 100/- |
| 50. | Bibi Birinder Kaur # 1116, Sector 36C | 11,000/ |
| 51. | Major Naurata Singh Rangi #1291,34C | 5000/ |
| 52. | S. Gursaran Singh Kapur Alakhnanda | 10,000/- |
| 53. | Bibi Daljit Kaur Oberoi #278/Sec. 33A | 2000/- |
| 54. | Rajbir Kaur # 70A, Sec. 126, SB Homes | 200/- |
| 55. | S. Hari Singh # 307,Sector 35A/ Chd | 15,000/- |
| 56. | Bibi Harsharan Kaur Sethi #1440/34C | 500/- |
| 57. | Bibi Supreet Kaur #B-28, Sec26, Noida | 15,000/- |
| 58. | S. Amardeep Singh Sandhu # 710,49A | 15,000/- |
| 59. | Gen. (Dr.) Jaswant Singh Charitable Trust #1801,Sec. 33D/ Chd | 30,000/- |
| 60. | Dr. Saranjit Singh #2817/Phase 7/Mohali | 2,000/- |
| 61. | S. Harjinder Singh Sachdeva #320, 46A | 5000/- |
| 62. | S. Prithipal Singh # 3054, Sector 35D | 10,000/- |
| 63. | S. Satnam Singh # 1026/ Sector 44B | 6,000/- |
| 64. | Capt. A.S. Khuman #12/Bombay | 100,000/- |
| 65. | M/S. Macrobiotic System & Software SCO 229 (FF) /Sec. 40D/Chd | 2,500/- |
| 66. | Miss Pavneet Chawla #1082/Sec. 43/Chd | 1000/- |
| 67. | S. Manmohan Singh # 1047/Sec. 44B | 200/- |
| 68. | S. Raghbir Singh # 760/Sec. 43A | 200/- |
| 69. | S. Ravinder Singh #1226 /Sec. 42B/Chd | 100/- |
| 70. | Bibi Kulwant Kaur #1660/Sec.34D/Chd | 200/- |
| 71. | S. Manjit Singh #1575 /Sec. 34D/Chd | 100/- |
| 72. | S. Dhian Singh #3106/ Sec. 38D/Chd | 500/- |
| 73. | S Narinderjit Singh # 215/Sec. 40A /Chd | 200/- |
| 74. | Bibi Balbir Kaur #2573/Sec 40/Chd | 200/- |
| 75. | Bibi Mita Bakshi # 1716/Phase 5/Mohali | 200/- |
| 76. | S. Gurbinder Singh #D 505, Sec. 70 | 500/- |
| 77. | Bibi Jaswinder Kaur/ F 403 Sec. 70 | 200/- |
| 78. | S. Gursharan Singh #246/1/Sec. 45A/Chd | 200/- |
| 79. | S. Manmohan Singh # 120/Sec. 45A/Chd | 200/- |
| 80. | Bibi Gurleen Kaur #964/Phase II/Mohali | 100/- |
| 81. | S. Amarjit Singh # 2175/1/Sec. 45C/Chd | 100/- |
| 82. | S. Manjit Singh #143/1 /Sec. 45A/Chd | 100/- |
| 83. | S. Harminder Singh #3355/Sec. 45D/Chd | 500/- |
| 84. | S. Jagteshwar Singh (HUF) # 2117/ 69 | 15,000/- |
| 85. | S. Inderjeet Singh # 171/Phase 6/Mohali | 20,000/- |

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।